1920 ਤੋਂ

ਜਿਲਦ 105
ਨੰਬਰ 7

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੩ ਤੋਂ ੧੮ ਜੇਠ ੨੦੮੨ ਬਿ.
16 to 31 May 2025

# ਸਤਿਜੁਗ



10/-

**ਬਾਬਾ ਰਾਜਾ ਸਿੰਘ ਜੀ (ਕਾਲਝਰਾਨੀ)** ਵੱਲੋਂ ਇੱਕ ਚੌਂਕੜੇ ਵਿੱਚ ਸੰਪੰਨ ਹੋਏ ਅਖੰਡ ਪਾਠ ਦੀ ਖ਼ੁਸ਼ੀ ਵਿੱਚ **ਨਿਹੰਗ ਸਿੰਘ ਫ਼ੌਜਾਂ** ਵੱਲੋਂ **ਆਰਤੀ** ਕੀਤੀ ਗਈ।

12 ਮਈ 2025












# ਸਤਿਜੁਗ

੩ ਤੋਂ ੧੯ ਜੇਠ ੨੦੮੨ ਬਿ.
16 ਤੋਂ 31 ਮਈ 2025 ਈ.
ਜਿਲਦ 105, ਨੰਬਰ 7



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
*Email- Satjug@sribhainisahib.com*


# ਤਤਕਰਾ


* ਸੰਪਾਦਕੀ....................................................4
* ਗੁਰਬਾਣੀ ਵਿਆਖਿਆ..........................................6
* ਬਾਬਾ ਹਰਨਾਮ ਸਿੰਘ ਗੜ੍ਹਦੀਵਾਲਾ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਨਾਲ ਮਿਲਾਪ
  ਦੇਵਿੰਦਰ ਸਿੰਘ ਗਿੱਲ..................................8
* ਜੰਗ ਅਤੇ ਸਾਲਸੀ ਦਾ ਲੇਖਾ
  ਕੇਸੀ ਸਿੰਘ...........................................12
* ਸਿਖ ਧਰਮ ਅਤੇ ਜੀਵ ਹਿੰਸਾ
  ਇੰਦਰ ਸਿੰਘ ਚਕ੍ਰਵਰਤੀ..............................14
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................17
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ..........................20
* MURDER OFBEEF BUTCHERS BY KUKAS
  Dr. Gurdev Singh Sidhu................................23
* The Book Summary
  Arvinder Singh Rooprai.................................27
* Scientists discover new state of consciousness and how YOU can tap into it
  ELLYN LAPOINTE..........................................29
* Twins who went on separate vegan and meat diets reveal shocking results of new plant-based vs animal study
  Emily Stearn.................................................31
* ਖ਼ਬਰਨਾਮਾ....................................................33


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਭਾਰਤ ਅਤੇ ਪਾਕਿਸਤਾਨ ਦੇ ਟਕਰਾਅ ਵਿਚ ਹੁਣ ਜੰਗਬਾਦੀ ਹੋਈ ਹੈ। ਇਕ ਵਾਰ ਤਾਣੀਆਂ ਬੰਦੂਕਾਂ, ਤੋਪਾਂ, ਮਿਜ਼ਾਇਲਾ ਅਤੇ ਜੰਗੀ ਜਹਾਜਾਂ ਨੇ ਅਵਾਮ ਦਾ ਸਾਹ ਸੁਕਾ ਦਿੱਤਾ ਸੀ। ਇਹ ਵੀ ਸੱਚ ਹੈ ਕਿ ਜਦੋਂ ਦੋਵਾਂ ਦੇਸਾਂ ਵਿਚਕਾਰ ਜੰਗ ਦੇ ਬੱਦਲ ਮੰਡਰਾਉਂਦੇ ਹਨ ਤਾਂ ਪੰਜਾਬ ਸਟੇਟ ਜਿਸ ਦੀ ਬਾਰਡਰ ਨੇੜੇ ਸੰਘਣੀ ਆਬਾਦੀ ਅਤੇ ਵੱਡੇ ਸ਼ਹਿਰ ਹਨ ਜ਼ਿਆਦਾ ਖਤਰਾ ਮਹਿਸੂਸ ਕਰਦੀ ਹੈ।

ਬਾਈ ਅਪ੍ਰੈਲ ਨੂੰ ਹੋਏ ਪਹਿਲਗਾਮ ਦੇ ਹਮਲੇ ਤੋਂ ਬਾਅਦ ਭਾਰਤ ਨੇ ਜਵਾਬੀ ਕਾਰਵਾਈ ਕਰਦਿਆਂ ਸੱਤ ਮਈ ਨੂੰ ਅਪਰੇਸ਼ਨ 'ਸੰਦੂਰ' ਸ਼ੁਰੂ ਕੀਤਾ। ਇਸ ਅਪਰੇਸ਼ਨ ਤੋਂ ਬਾਅਦ ਦੋਵੇਂ ਦੇਸ਼ਾਂ ਦੀਆਂ ਸੈਨਾਵਾਂ (ਜਲ, ਥਲ, ਵਾਯੂ) ਮੁਸਤੈਦੀ ਨਾਲ ਤੈਨਾਤ ਕੀਤੀਆਂ ਜਾਣ ਲੱਗੀਆਂ। ਹਲਾਤ ਦਿਨ-ਬ-ਦਿਨ ਸੰਵੇਦਨਸ਼ੀਲ ਹੁੰਦੇ ਗਏ। ਮੌਕ ਡਰਿਲਾਂ, ਬਲੈਕ ਆਊਟ ਸਰਹੱਦੀ ਸ਼ਹਿਰਾਂ ਵਿਚ ਹੋਣ ਲੱਗੇ। ਇਨ੍ਹਾਂ ਹੀ ਦਿਨਾਂ ਵਿਚ ਦੋਵੇਂ ਦੱਖਣੀ ਏਸ਼ੀਆ ਦੇਸ਼ਾਂ ਦੀ ਪਰਮਾਣੂ ਸਮਰੱਥਾ ਦੀ ਚਰਚਾ ਹੋਣ ਲੱਗੀ। ਅਸਲ ਪਾਕਿਸਤਾਨ ਇਸ ਗੱਲ ਨੂੰ ਜਾਣਦਾ ਹੈ ਕਿ

ਭਾਰਤ ਦੀ ਸੈਨਿਕ ਸ਼ਕਤੀ ਦਾ ਤੋੜ ਉਸ ਕੋਲ ਨਹੀਂ ਇਸ ਕਰਕੇ ਉਹ ਜੰਗ ਤੋਂ ਪਹਿਲਾਂ ਆਪਣੇ ਪਰਮਾਣੂ ਹਥਿਆਰਾਂ ਦਾ ਡਰ ਦੇਣਾ ਚਾਹੁੰਦਾ ਸੀ। ਇਸ ਵਾਰੀ ਵੀ ਉਸ ਨੇ ਪਰਮਾਣੂ ਹਥਿਆਰਾਂ ਦੀ ਰੱਖ ਰਖਾਵ ਵਾਲੀ ਕਮੇਟੀ ਨਾਲ ਮੀਟਿੰਗ ਕਰ ਸਾਰੀ ਦੁਨੀਆਂ ਨੂੰ ਇਸ ਦੇ ਪ੍ਰਯੋਗ ਦੇ ਖਤਰੇ ਤੋਂ ਅਗਾਹ ਕੀਤਾ।

ਪ੍ਰਧਾਨ ਮੰਤਰੀ ਮੋਦੀ ਨੇ ਬਾਰਾਂ ਮਈ ਨੂੰ ਸੰਬੋਧਨ ਕਰਦਿਆਂ ਇਸ ਗੱਲ ਦਾ ਜ਼ਿਕਰ ਕੀਤਾ ਕਿ "ਭਾਰਤ ਕੋਈ ਵੀ ਨਿਊਕਲੀਅਰ ਬਲੈਕ ਮੇਲ ਨਹੀਂ ਸਹੇਗਾ" ਫਿਰ ਮੀਡੀਆਂ ਵਿਚ ਪਰਮਾਣੂ ਵਾਰ ਦੀਆਂ ਗੱਲਾਂ ਚੱਲੀਆਂ ਨਾਲ ਹੀ ਇਕ ਸਵਾਲ 'ਤੇ ਬਹਿਸ ਹੋਈ ਕਿ ਦੋਵਾਂ ਦੇਸ਼ਾਂ ਕੋਲ ਕਿੰਨੇ-ਕਿੰਨੇ ਪਰਮਾਣੂ ਹਥਿਆਰ ਹਨ ਪਰ ਇਹ ਚਰਚਾ ਵਿਅਰਥ ਸੀ ਕਿਉਂਕਿ ਪਰਮਾਣੂ ਸ਼ਕਤੀ ਦੀ ਤਬਾਹੀ ਅੱਗੇ ਗਿਣਤੀ ਦਾ ਸਵਾਲ ਹੀ ਨਹੀਂ ਬਣਦਾ ਫਿਰ ਦੋਵੇਂ ਦੇਸਾਂ ਦੀ ਦੂਰੀ ਬਹੁਤ ਘੱਟ ਹੈ। ਇਕ ਪਰਮਾਣੂ ਹਥਿਆਰ ਹੀ ਵੱਡੀ ਤਬਾਹੀ ਮਚਾ ਸਕਦਾ ਹੈ।

ਦੋਵਾਂ ਦੇਸ਼ਾਂ ਦੀ ਜੰਗ ਵਿਚਕਾਰ ਅਮਰੀਕਾ, ਬ੍ਰਿਟੇਨ ਵਰਗੀਆਂ ਸ਼ਕਤੀਆਂ ਨੇ ਯੁੱਧਬੰਦੀ ਦੇ ਯਤਨ ਆਰੰਭੇ। ਦਸ ਮਈ ਦੀ ਰਾਤ ਨੂੰ ਡੋਨਲਟ ਟਰੰਪ ਅਮਰੀਕੀ ਰਾਸ਼ਟਰਪਤੀ ਨੇ ਸ਼ੋਸਲ ਮੀਡੀਆਂ ਹੈਂਡਲ ਤੋਂ ਦੋਵੇਂ ਦੇਸਾਂ ਦੀ ਜੰਗਬੰਦੀ ਦਾ ਦਾਅਵਾ ਕੀਤਾ। ਹੁਣ ਸਵਾਲ ਇਹ ਵੀ ਹੈ ਕਿ ਇਹ ਜੰਗਬੰਦੀ ਕਿੰਨੀ ਸਥਿਰ ਹੈ?

1947 ਤੋਂ ਹੀ ਤਣਾਅਪੂਰਨ ਚਲ ਰਹੇ ਇਹ ਦੋਵੇਂ ਦੇਸਾਂ ਦੇ ਰਿਸਤੇ ਕਦੋਂ ਸਹੀ ਹੋਣਗੇ? ਇਸ ਤੋਂ ਪਹਿਲਾਂ ਦੋਵੇਂ ਦੇਸਾਂ ਵਿਚਕਾਰ ਚਾਰ ਜੰਗਾਂ ਹੋ ਚੁੱਕੀਆਂ ਹਨ। ਦੋਵੇਂ ਦੇਸਾਂ ਦੀ ਸਿਆਸਤ ਅਕਸਰ ਧਾਰਮਿਕ ਰਣਨੀਤੀਆਂ 'ਤੇ ਅਧਾਰਿਤ ਰਹੀ ਹੈ, ਜੋ ਜੰਗਾਂ ਨੂੰ ਹੋਰ ਉਕਸਾਂਉਦੀਆਂ ਹਨ। ਇਸ ਵਾਰ ਮੀਡੀਆ ਦੇ ਇਕ ਅਦਾਰਿਆਂ ਨੇ ਇਸ ਜੰਗ ਵਿਚ ਨਫ਼ਰਤੀ ਹਵਾ ਨੂੰ ਹੋਰ ਤੂਲ ਦਿੱਤੀ ਹੈ। ਦੋਵਾਂ ਦੇਸਾਂ ਨੂੰ ਇਸ ਨਫ਼ਰਤ ਤੋਂ ਬਚਣਾ ਚਾਹੀਦਾ ਹੈ ਅਤੇ ਮੀਡੀਆ ਨੂੰ ਆਪਣੀ ਭੂਮਿਕਾ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ।

1947 ਈ. ਵਿਚ ਰਾਜਾ ਹਰੀ ਸਿੰਘ ਵੱਲੋਂ ਭਾਰਤ ਨਾਲ ਮਿਲਣ ਦੇ ਫੈਸਲੇ ਤੋਂ ਬਾਅਦ ਪਾਕਿਸਤਾਨ ਨੇ ਇਸ ਨੂੰ ਨਹੀਂ ਮੰਨਿਆ ਅਤੇ ਕਸ਼ਮੀਰ ਦਾ ਮੁੱਦਾ ਦੋਵਾਂ ਦੇਸਾਂ ਕੋਲੋਂ ਅਠੱਤਰ ਸਾਲਾਂ ਬਾਅਦ ਵੀ ਹੱਲ ਨਹੀਂ ਹੋਇਆ। ਪਰ ਨਤੀਜਾ ਇਹ ਹੈ ਕਿ ਦੋਵਾਂ ਦੇਸਾਂ ਨੇ ਇਸ ਲੜਾਈ ਵਿਚ ਬਹੁਤ ਕੁਝ ਗੁਆ ਲਿਆ ਹੈ ਪਰ ਅਜੇ ਵੀ ਕਈ ਮੌਕੇ ਹਨ ਜਿਨ੍ਹਾਂ ਰਾਹੀ ਇਤਿਹਾਸ ਨੂੰ ਨਵੀਂ ਦਿਸ਼ਾ ਦਿੱਤੀ ਜਾ ਸਕਦੀ ਹੈ।

ਜੰਗਾਂ ਦੀ ਥਾਂ ਜੇਕਰ ਸ਼ਾਂਤੀ ਸੰਵਾਦ ਅਤੇ ਸਾਂਝੀ ਤਰੱਕੀ ਨੂੰ ਤਰਜੀਹ ਦਿੱਤੀ ਜਾਵੇ ਤਾਂ ਦੋਵੇਂ ਗੁਆਂਢੀ ਮੁਲਕ ਇਕ ਵਧੀਆ ਭਵਿੱਖ ਦੀ ਸ਼ੁਰੂਆਤ ਕਰ ਸਕਦੇ ਹਨ।

ਜੰਗ ਖਤਮ ਹੋ ਜਾਵੇਗੀ
ਆਗੂ ਆਪਸ ਵਿਚ ਹੱਥ ਮਿਲਾਉਣਗੇ
ਬੁੱਢੀ ਮਾਂ ਆਪਣੇ ਸ਼ਹੀਦ ਪੁੱਤ ਨੂੰ ਉਡੀਕਦੀ ਰਹੇਗੀ
ਕੋਈ ਮੁਟਿਆਰ ਆਪਣੇ ਸਿੰਧੂਰਵੰਤੇ ਕੰਤ ਨੂੰ ਉਡੀਕਦੀ ਰਹੇਗੀ
ਅਤੇ ਬੱਚੇ ਆਪਣੇ ਸੂਰਮੇ ਪਿਓ ਨੂੰ ਉਡੀਕਦੇ ਰਹਿਣਗੇ
ਮੈਨੂੰ ਨਹੀਂ ਪਤਾ ਕਿਸ ਨੇ ਵਤਨ ਵੇਚਿਆ
ਪਰ ਮੈਨੂੰ ਪਤਾ ਹੈ ਕਿ ਕਿਸ ਨੇ ਕੀਮਤ ਅਦਾ ਕੀਤੀ।

**-ਮਹਿਮੂਦ ਦਰਵੇਸ਼**

..........................................................

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥**
ਤੂੰ ਸਭ ਦੇ ਅੰਦਰ ਦੀ ਜਾਣਦਾ ਹੈਂ, ਇਕ ਬੋਲ ਨਾਲ ਹੀ ਜੀਵਣ ਦਿੰਦਾ ਤੇ ਖ਼ਤਮ ਕਰਦਾ ਹੈਂ।
You understand everyone, You create and take life with one word.

**ਕਰਿ ਆਸਣੁ ਡਿਠੋ ਚਾਉ॥1॥**
ਪ੍ਰਕਿਰਤੀ ਵਿੱਚ ਵਿਆਪਕ ਹੋ ਕੇ ਜਗਤ ਖੇੜ੍ਹੇ ਨੂੰ ਤੱਕ ਰਿਹਾ ਹੈਂ।
Seated within your creation, you pleasantly watch the worldly drama.

**ਸਲੋਕੁ ਮਃ 1॥**

**ਸਚੇ ਤੇਰੇ ਖੰਡ ਸਚੇ ਬ੍ਰਹਮੰਡ॥**
ਹੇ ਪਰਮੇਸ਼ਰ! ਤੇਰੇ ਰਚੇ ਹੋਏ ਖੰਡ ਅਤੇ ਬ੍ਰਹਮੰਡ ਸੱਚੇ ਹਨ।
O God! The planets and universes created by you are true (as You reside in them).

**ਸਚੇ ਤੇਰੇ ਲੋਅ ਸਚੇ ਆਕਾਰ॥**
ਤੇਰੇ ਰਚੀ ਹੋਈ ਸਾਰੀ ਸ੍ਰਿਸਟੀ ਤੇ ਉਸਦੀ ਰਚਨਾ ਵੀ ਸੱਚੀ ਹੈ।
True are Your realms and true is Your creation.

**ਸਚੇ ਤੇਰੇ ਕਰਣੇ ਸਰਬ ਬੀਚਾਰ॥**
ਤੇਰੇ ਸਾਰੇ ਕਾਰਜ ਅਤੇ ਵਿਚਾਰਾਂ ਸੱਚੀਆਂ ਹਨ।
True are Your actions and thoughts.

**ਸਚਾ ਤੇਰਾ ਅਮਰੁ ਸਚਾ ਦੀਬਾਣੁ॥**
ਤੇਰੀ ਪਾਤਸ਼ਾਹੀ ਤੇ ਦਰਬਾਰ ਸੱਚਾ ਹੈ।
True is Your authority and court.

**ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥**
ਤੇਰੀ ਰਜ਼ਾ ਤੇ ਫ਼ੁਰਮਾਣ ਸੱਚਾ ਹੈ।
True is Your command and order.

**ਸਚਾ ਤੇਰਾ ਕਰਮੁ ਸਚਾ ਨੀਸਾਣੁ॥**
ਤੇਰੀ ਬਖ਼ਸ਼ਿਸ਼ ਅਤੇ ਹਰ ਥਾਂ ਪਸਰਿਆ ਜਲਵਾ ਸੱਚੇ ਹਨ।
True is Your blessing and true is Your mark.

**ਸਚੇ ਤੁਧੁ ਆਖਹਿ ਲਖ ਕਰੋੜਿ॥**
ਤੈਨੂੰ ਸਿਮਰਨ ਵਾਲੇ ਲੱਖਾਂ ਕਰੋੜਾਂ ਇਨਸਾਨ ਸੱਚੇ ਹਨ।
Millions who meditate upon You, are true.

**ਸਚੈ ਸਭਿ ਤਾਣਿ ਸਚੈ ਸਭਿ ਜੋਰਿ॥**
ਤੇਰੀ ਸਾਰੀ ਤਾਕਤ ਅਤੇ ਸ਼ਕਤੀ ਸੱਚੀ ਹੈ ।
Your power is true, Your might is true.

**ਸਚੀ ਤੇਰੀ ਸਿਫਤਿ ਸਚੀ ਸਾਲਾਹ॥**
ਤੇਰੀ ਉਸਤਤ ਅਤੇ ਕੀਰਤੀ ਵੀ ਸੱਚੀ ਹੈ।
Your praise is true, Your adoration is true.

**ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥**
ਹੇ ਸੱਚੇ ਪਾਤਸ਼ਾਹ! ਤੇਰੀ ਰਚੀ ਹੋਈ ਮਾਇਆ ਵੀ ਸੱਚੀ ਹੈ।
O True Lord! Your creation is also true.

**ਨਾਨਕ ਸਚੁ ਧਿਆਇਨਿ ਸਚੁ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸੱਚ ਨੂੰ ਧਿਆਉਣ ਵਾਲੇ ਸੱਚ ਸਰੂਪ ਹੋ ਗਏ ਹਨ।
Sri Guru ji says that those who meditate upon You, become true themselves.

**ਜੋ ਮਰਿ ਜੰਮੇ ਸੁ ਕਚੁਨਿ ਕਚੁ ॥1॥**
ਜੋ ਆਪਣੀਆ ਖਾਹਿਸ਼ਾਂ ਵਿੱਚ ਮਰਦੇ ਜੰਮਦੇ ਰਹਿੰਦੇ ਹਨ, ਉਹ ਕੱਚਿਆਂ ਤੋਂ ਵੀ ਕੱਚੇ ਹਨ।
Those who live and die for selfish desire are ultimately false.

**ਮਃ 1 ॥**
**ਵਡੀ ਵਡਿਆਈ ਜਾ ਵਡਾ ਨਾਉ ॥**
ਉਸ ਦੀ ਮਹਿਮਾ ਵੱਡੀ ਹੈ ਕਿਉਂਕਿ ਉਸਦਾ ਨਾਮ ਵੱਡਾ ਹੈ।
He is magnificent because His Name is the greatest.

**ਵਡੀ ਵਡਿਆਈ ਜਾ ਸਚੁ ਨਿਆਉ ॥**
ਸੱਚਾ ਇਨਸਾਫ਼ ਕਰਨ ਵਾਲੇ ਦੀ ਮਹਿਮਾ ਵੱਡੀ ਹੈ।
He is magnificent because his justice is truthful.

**ਵਡੀ ਵਡਿਆਈ ਜਾ ਨਿਹਚਲ ਥਾਉ ॥**
ਅਡੋਲ ਆਸਣ ਵਾਲੇ ਦੀ ਮਹਿਮਾ ਵੱਡੀ ਹੈ।
He is magnificent since His throne is permanent

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

# ਬਾਬਾ ਹਰਨਾਮ ਸਿੰਘ ਗੜ੍ਹਦੀਵਾਲਾ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਨਾਲ ਮਿਲਾਪ



**ਦੇਵਿੰਦਰ ਸਿੰਘ ਗਿੱਲ (ਜੀਆ ਨੱਥਾ)**
**94177-69103**

ਬਾਬਾ ਹਰਨਾਮ ਸਿੰਘ, ਸਤਿਗੁਰੂ ਰਾਮ ਸਿੰਘ ਜੀ ਨੂੰ ਕਿਹੜੇ ਸਾਲ ਮਿਲੇ ਅਤੇ ਉਹਨਾਂ ਦਾ ਮਿਲਾਪ ਸ੍ਰੀ ਭੈਣੀ ਸਾਹਿਬ ਹੋਇਆ ਕਦੋਂ ਹੋਇਆ? ਇਸ ਬਾਰੇ ਨਾਮਧਾਰੀ ਇਤਿਹਾਸ ਚੁਪ ਹੈ। ਨਾਮਧਾਰੀ ਇਤਿਹਾਸ ਦਾ ਅਨਮੋਲ ਗ੍ਰੰਥ ਸਤਿਗੁਰੂ ਬਿਲਾਸ (ਦੋਵੇਂ ਭਾਗ) ਕ੍ਰਿਤ ਭਾਈ ਸੰਤੋਖ ਸਿੰਘ ਬਾਹੋਵਾਲ ਜਿਸ ਵਿੱਚ ਉਹਨਾਂ ਨੇ ਇਤਿਹਾਸ ਦੀ ਬਹੁਤ ਨਿੱਠ ਕੇ ਵਿਚਾਰ ਕੀਤੀ ਹੈ ਪ੍ਰੰਤੂ ਬਾਬਾ ਹਰਨਾਮ ਸਿੰਘ ਜੀ ਬਾਰੇ ਉਹਨਾਂ ਨੇ ਕੁਝ ਵੀ ਨਹੀਂ ਲਿਖਿਆ ਹੈ। ਸੋ ਉਹਨਾਂ ਬਾਰੇ ਕਿਸੇ ਸਮਕਾਲੀ ਕਲਮ ਨੇ ਕੁਝ ਵੀ ਨਹੀਂ ਲਿਖਿਆ। ਇਤਿਹਾਸਿਕ ਗ੍ਰੰਥ ਚੁੱਪ ਹਨ।

**ਸੰਤ ਇੰਦਰ ਸਿੰਘ ਚਕਰਵਰਤੀ ਦੀ ਕਲਮ-** ਪਹਿਲੀ ਵਾਰ ਸਤਿਜੁਗ ਸਪਤਾਹਿਕ ਅਖਬਾਰ ਦਾ ਬਸੰਤ ਅੰਕ ਜੋ 10 ਮਾਘ 1992 ਬਿ: (1936 ਈ.) ਛਪਿਆ ਸੀ ਜੋ ਅੰਗਰੇਜ਼ ਸਰਕਾਰ ਨੇ ਜ਼ਬਤ ਕਰ ਲਿਆ ਸੀ, ਇਸ ਵਿਚ ਪਹਿਲੀ ਵਾਰ ਸੰਤਾਂ ਬਾਰੇ ਚਕਰਵਰਤੀ ਜੀ ਨੇ "ਗੋਬਿੰਦ ਦਾਸ ਤੋਂ ਸੰਤ ਹਰਨਾਮ ਸਿੰਘ" ਸਿਰਲੇਖ ਹੇਠ ਲੇਖ ਲਿਖਿਆ ਸੀ। ਇਹੋ ਲੇਖ ਸਤਿਜੁਗ ਅਖਬਾਰ ਦੇ "ਸੰਤ ਅੰਕ ਭਾਗ ਪਹਿਲਾ" ਵਿਚ ਦੁਬਾਰਾ ਛਪਿਆ ਸੀ। ਇਸ ਲੇਖ ਵਿਚ ਉਹਨਾਂ ਨੇ ਇਤਿਹਾਸਕ ਮੈਟਰ ਘੱਟ, ਸਗੋਂ ਭਾਈ ਵੀਰ ਸਿੰਘ ਦੀ ਕਲਮ ਵਾਂਗ ਸਾਹਿਤਕ ਮੈਟਰ ਵਿੱਚ ਕਾਵਿ ਉਡਾਰੀਆਂ ਜਿਆਦਾ ਮਾਰੀਆਂ ਹਨ। ਭਾਵੇਂ ਉਹ ਸੰਤ ਹਰਨਾਮ ਸਿੰਘ ਜੀ ਦੇ ਸੇਵਕਾਂ ਨੂੰ ਮਿਲੇ ਸਨ ਪ੍ਰੰਤੂ ਸੰਤਾਂ ਦੀ ਸਤਿਗੁਰੂ ਰਾਮ ਸਿੰਘ ਜੀ ਦੀ ਇਤਿਹਾਸਕ ਮਿਲਣੀ ਕਦੋਂ ਹੋਈ? ਇਸ ਬਾਰੇ ਕੁਝ ਵੀ ਨਹੀਂ ਲਿਖਿਆ।

ਪੰਜਾਬ ਤੋਂ ਸੰਤ ਜੀ ਬਸੰਤੀ ਰੰਗ ਦੇ ਕਪੜੇ ਪਹਿਨੇ ਹੋਏ ਬਿੰਦਰਾਬਨ ਵੱਲ ਨਿਕਲ ਗਏ ਅਤੇ ਜਮਨਾ ਦਰਿਆ ਦੇ ਕੰਢ ਜਿਥੇ ਕ੍ਰਿਸ਼ਨ ਲੀਲਾ ਕਰਦੇ ਸਨ ਓਥੇ ਕਾਫੀ ਸਮਾਂ ਗੁਜਾਰ ਦਿੱਤਾ ਪ੍ਰੰਤੂ ਮਨ ਰਬੀ ਰੰਗ ਵਿਚ ਅਟਕਦਾ ਨਹੀਂ ਸੀ। ਹੌਲੀ-ਹੌਲੀ ਗੁਰੂ ਗੋਬਿੰਦ ਸਿੰਘ ਜੀ ਦਾ ਸਰੂਪ ਸੁਪਨੇ ਵਿੱਚ ਆਉਣ ਲੱਗਾ, ਫਿਰ ਜਿਸਦੇ ਪ੍ਰਤਖ ਦਰਸ਼ਨ ਸਤਿਗੁਰੂ ਰਾਮ ਸਿੰਘ ਜੀ ਦੇ ਰੂਪ ਵਿੱਚ ਹੋਏ ਅਤੇ ਨਾਲ ਹੀ ਉਹਨਾਂ ਨੇ ਕਿਹਾ ਤੁਸੀਂ ਸਾਡੇ ਵਰਤਮਾਨ ਸਰੂਪ ਦੇ ਦਰਸ਼ਨ ਬਾਰ੍ਹਵੇ ਸਰੂਪ ਵਿਚ ਸ੍ਰੀ ਭੈਣੀ ਸਾਹਿਬ ਆ ਕੇ ਕਰੋ।

ਸੰਤ ਗੋਬਿੰਦ ਦਾਸ ਜੀ ਅਤਿਅੰਤ ਪ੍ਰਸੰਨ ਹੋਏ ਅਤੇ ਮੰਜ਼ਲਾਂ ਤਹਿ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਪਹੁੰਚੇ। ਅਗੋਂ ਸਤਿਗੁਰੂ ਰਾਮ ਸਿੰਘ ਜੀ ਨੇ ਚੋਬਦਾਰ ਭਗਵਾਨ ਸਿੰਘ ਜੀ ਨੂੰ ਸੰਤਾਂ ਬਾਰੇ ਸਮਝਾ ਦਿੱਤਾ ਸੀ ਕਿ ਦਰਸ਼ਨਾਰਥੀ ਸੰਤ ਗੋਬਿੰਦ ਦਾਸ ਜੀ ਆ ਰਹੇ ਹਨ, ਉਸ ਨੂੰ ਸਿੱਧਾ ਸਾਡੇ ਦਰਸ਼ਨ ਕਰਨ ਨਹੀਂ ਆਉਣ ਦੇਣਾ, ਉਨ੍ਹਾਂ ਦਾ ਡੇਰਾ ਕਰਵਾਉਣਾ ਐਸਾ ਹੀ ਚੋਬਦਾਰ ਨੇ ਕੀਤਾ ਅਤੇ ਸੰਤਾਂ ਨੂੰ ਦੋ ਦਿਨ ਰੱਖਿਆ ਫਿਰ ਸਤਿਗੁਰਾਂ ਨੇ ਇਕ ਸੂਬਾ ਅਤੇ ਫਿਰ ਰਾਗੀ ਨੂੰ ਕਰਮਵਾਰ ਸੰਤਾਂ ਕੋਲ ਭੇਜਿਆ। ਸਤਿਗੁਰੂ ਜੀ ਨੇ ਚੋਬਦਾਰ ਨੂੰ ਕਿਹਾ ਕਿ ਸੰਤਾਂ ਦਾ ਇਸ਼ਨਾਨ ਕਰਵਾ ਕੇ ਕੇਸਾਂ ਦਾ ਜੂੜਾ ਸਿਰ ਦੇ ਵਿਚਕਾਰ ਕਰਵਾ ਕੇ ਬਸੰਤੀ ਬਾਣੇ ਵਿਚ ਨਿਹੰਗ ਸਿੰਘ ਦੇ ਰੂਪ ਵਿਚ ਸਾਡੇ ਸਾਹਮਣੇ ਲਿਆਵੋ। ਐਸਾ ਹੀ ਹੋਇਆ, ਸਤਿਗੁਰਾਂ ਦੇ ਦਰਸ਼ਨ ਕਰਕੇ ਸੰਤ ਨਿਹਾਲ ਹੋ ਗਏ, ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਸਿੰਘ ਸੱਜ ਗਏ ਅਤੇ ਸਤਿਗੁਰਾਂ ਦੇ ਹੁਕਮ ਨਾਲ ਤਹਿਸੀਲ ਦਸੂਆ ਵਿਚ ਧਰਮ ਪ੍ਰਚਾਰ ਕਰਨ ਲੱਗੇ। ਇਹ ਚਕਰਵਰਤੀ ਜੀ ਦੁਆਰਾ ਸੰਤਾਂ ਬਾਰੇ ਲਿਖੇ ਲੇਖ ਦਾ ਸੰਖੇਪ ਵਰਣਨ ਹੈ।

**ਬਾਬਾ ਜੀ ਦਾ ਡੇਰਾ ਭੱਟੀਆਂ-** ਡੇਰਾ ਭਟੀਆਂ ਤਹਿਸੀਲ ਦਸੂਹਾ (ਜ਼ਿਲਾ ਹੁਸਿਆਰਪੁਰ) ਵਿਖੇ ਪਿੰਡ ਭੱਟੀਆਂ ਦੇ ਪੱਛਮ ਵੱਲ ਅਤੇ ਪਿੰਡ ਖੁਣ ਖੁਣਕਲਾਂ ਦੇ ਚੜ੍ਹਦੇ ਪਾਸੇ ਐਲੀਮੈਂਟਰੀ ਗੌਰਮਿੰਟ ਸਕੂਲ ਦੇ ਨੇੜੇ ਸਥਿਤ ਹੈ ਜਿਸਨੂੰ ਬਾਂਗਰ ਵਾਲਾ ਸਕੂਲ ਵੀ ਆਖਿਆ ਜਾਂਦਾ ਹੈ। ਕਦੇ ਸਮਾਂ ਸੀ, ਇਥੋਂ ਦੀ ਧਰਤੀ ਤੇ ਬਰਸਾਤਾਂ ਸਮੇਂ ਹੜ੍ਹ ਵਗਿਆ

ਕਰਦਾ ਸੀ ਅਤੇ ਉਹ ਚੋਅ ਦਾ ਪਾਣੀ ਪਿੰਡ ਖੁਣ-ਖੁਣ ਕਲਾਂ ਅਤੇ ਟਿਲੂਵਾਲ ਨੂੰ ਦੋਫਾੜ ਕਰਦਾ ਹੋਇਆ ਵਗਿਆ ਕਰਦਾ ਸੀ। ਭਾਵੇਂ ਅੱਜ ਉਹ ਪਾਣੀ ਦਾ ਵਹਾਅ ਖਤਮ ਹੋ ਗਿਆ ਹੈ ਪ੍ਰੰਤੂ ਉਹ ਵਹਾਅ ਦੇ ਚਿੰਨ੍ਹ ਅਜੇ ਕਾਇਮ ਹਨ। ਬਾਬਾ ਹਰਨਾਮ ਸਿੰਘ ਜੀ ਦੇ ਡੇਰੇ ਦੇ ਚੜ੍ਹਦੇ ਅਤੇ ਲਹਿੰਦੇ ਪਾਸੇ ਚੋਅ ਦੀ ਰੇਤ ਮੌਜੂਦ ਹੈ।

ਪਾਠਕ ਹੈਰਾਨ ਹੋਣਗੇ, ਪਿੰਡ ਭਟੀਆਂ ਬਾਰੇ ਕਿਉਂ ਲਿਖਣਾ ਸ਼ੁਰੂ ਕਰ ਦਿੱਤਾ ਹੈ। ਅਸਲ ਵਿਚ ਇਹ ਡੇਰੇ ਨਾਲ ਬਾਬਾ ਜੀ ਦਾ ਬਹੁਤ ਪ੍ਰੇਮ ਸੀ ਅਤੇ ਜਦੋਂ ਅੰਤਮ ਸਮਾਂ ਆਇਆ ਤਾਂ ਉਹਨਾਂ ਕਿਹਾ ਮੇਰੀ ਦੇਹ ਦਾ ਸਸਕਾਰ ਡੇਰੇ ਘਟੀਆ ਹੋਵੇ ਪਰ ਪਿੰਡ ਝੱਜ ਦੀ ਸੰਗਤ ਨੇ ਹੁਕਮ ਅਦੂਲੀ ਕਰਦਿਆਂ ਹੋਇਆ ਉਹਨਾਂ ਨੂੰ ਡੇਰੇ ਗੜ੍ਹਦੀਵਾਲ ਲੈ ਆਏ ਬਾਬਾ ਜੀ ਨੇ ਕਿਹਾ ਸਸਕਾਰ ਭਾਵੇ ਇਥੇ ਕਰ ਲਵੋ ਪਰ ਮੇਰਾ ਪਹਿਰਾ ਪਿੰਡ ਭਟੀਆਂ ਹੀ ਰਹਿਗਾ। ਉਹਨਾਂ ਦੇ ਫੁੱਲ ਚੁਗ ਕੇ ਪਿੰਡ ਦੇ ਡੇਰੇ ਦੇ ਨਿਸ਼ਾਨ ਸਾਹਿਬ ਵਿਚ ਰਖੇ ਗਏ ਜੋ ਹੁਣ ਵੀ ਮੌਜੂਦ ਹਨ। ਡੇਰੇ ਵਿਚ ਬਾਬਾ ਹਰਨਾਮ ਸਿੰਘ ਜੀ ਦਾ ਪਲੰਘ ਵੀ ਮੌਜੂਦ ਹੈ ਜੋ ਇਸ ਗਲ ਦਾ ਪ੍ਰਮਾਣ ਹੈ ਕਿ ਉਹ ਲੰਮਾਂ ਸਮਾਂ ਇਸ ਡੇਰੇ ਵਿਚ ਰੈਣ ਬਸੇਰਾ ਕਰਦੇ ਰਹੇ, ਉਹਨਾਂ ਦੇ ਸੀਸ ਉਪਰ ਧਾਰਨ ਕਰਨ ਵਾਲਾ ਚੱਕਰ ਅਤੇ ਹੋਰ ਉਹਨਾਂ ਦੀਆਂ ਇਤਿਹਾਸਕ ਵਸਤਾਂ ਏਥੇ ਹੁਣ ਪਲੰਘ ਉਪਰ ਸਜਾਈ ਰਖੀਆਂ ਹਨ ਜੋ ਪਿਛਲੇ ਸਾਲ ਵਰਤਮਾਨ ਪ੍ਰਬੰਧਕਾਂ ਨੇ ਚੁੱਕਵਾ ਦਿੱਤਾ ਹੈ ਅਤੇ ਬਾਬਾ ਜੀ ਨਾਲ ਸੰਬੰਧਤ ਸਾਮਾਨ ਵੀ ਉਠਾ ਦਿੱਤਾ ਹੈ। ਕੁਝ ਸਾਲ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨਾਲ ਸੰਬੰਧਤ ਗੁਰਦੁਆਰਿਆਂ ਦੇ ਮਸਲੇ ਦੇਖਦਾ ਹੈ। ਉਸ ਨੂੰ ਖਬਰ ਮਿਲੀ ਕਿ ਭਟੀਆਂ ਪਿੰਡ ਵਿਚ ਨਾਮਧਾਰੀ ਪੰਥ ਨਾਲ ਸੰਬੰਧਿਤ ਡੇਰਾ ਹੈ ਜੋ ਨਾਮਧਾਰੀ ਮਰਯਾਦਾ ਦਾ ਪ੍ਰਚਾਰ ਕਰਦਾ ਹੈ। ਗੁਰਦੁਆਰਾ ਗਰਨਾ ਸਾਹਿਬ ਤੋਂ ਪ੍ਰੀਤਮ ਸਿੰਘ ਅਕਾਲੀ ਹੰਕਾਰ ਦਾ ਭਰਿਆ ਡੇਰਾ ਭਟੀਆਂ ਵਿਖੇ ਆਇਆ ਅਤੇ ਬਾਬਾ ਜੀ ਦੇ ਪਲੰਘ ਤੇ ਬੈਠ ਗਿਆ। ਪਤਾ ਹੀ ਉਦੋਂ ਲੱਗਾ ਜਦੋਂ ਬਾਬਾ ਜੀ ਦੀ ਮੇਹਰ ਸਦਕਾ ਪਲੰਘ ਪੁੱਠਾ ਪੈ ਗਿਆ ਅਤੇ ਪ੍ਰੀਤਮ ਸਿੰਘ ਪਲੰਘ ਤੋਂ ਡਿਗਕੇ ਲੰਮਾ ਪੈ ਗਿਆ ਸੀ। ਬਾਬਾ ਜੀ ਦੀ ਜ਼ਾਹਰ ਕਰਾਮਾਤ ਦੇਖਕੇ ਉਹ ਬਹੁਤ ਹੈਰਾਨ ਪ੍ਰੇਸ਼ਾਨ ਹੋਇਆ ਸੀ।

ਉਪਰੋਕਤ ਇਲਾਕਾ ਸਖੋਵਾਲ ਵਾਲੇ ਮਹਾਂਪੁਰਸ਼ਾਂ ਦੀ ਕੀਰਤੀ ਅਤੇ ਧਰਮ ਪ੍ਰਚਾਰ ਨਾਲ ਓਤ ਪੋਤ ਹੋਇਆ ਪਿਆ ਸੀ। ਬਾਬਾ ਗੋਬਿੰਦ ਰਾਮ ਜੀ ਵੀ 12 ਸਾਲ ਤਲਵਾੜੇ ਦੇ ਰਾਹ ਵਿਚ ਪੈਂਦੀ ਸਹੌੜੇ ਦੀ ਪਹਾੜੀ ਤੇ ਬਾਬਾ ਨੰਦ ਲਾਲ ਜੀ ਸਹੌੜੇ ਵਾਲੇ ਅਤੇ ਬਾਬਾ ਜਵਾਹਰ ਦਾਸ ਜੀ ਸੂਸਾਂ ਵਾਲਿਆਂ ਨਾਲ ਤਪਸਿਆ ਕੀਤੀ ਸੀ। ਬਾਰਾਂ ਸਾਲ ਬਾਅਦ ਤਿੰਨੇ ਮਹਾਂਪੁਰਸ਼ ਭਗਤੀ ਵਿਚ ਪੂਰਨ ਹੋ ਕੇ ਪਹਾੜੀ ਤੋਂ ਉਤਰਨ ਲੱਗੇ ਤਾਂ ਬਾਬਾ ਨੰਦ ਲਾਲ ਜੀ ਕਹਿਣ ਲੱਗੇ ਕਿ ਗੋਬਿੰਦ ਰਾਮ ਜੀ ਪਿਆਸ ਲੱਗੀ ਹੈ, ਸਾਨੂੰ ਪਾਣੀ ਪਿਆਓ। ਅੱਗੋਂ ਗੋਬਿੰਦ ਰਾਮ ਜੀ ਆਪਣੇ ਹੱਥ ਵਿਚ ਲੋਹੇ ਦਾ ਤੀਰ ਰਖਿਆ ਕਰਦੇ ਸਨ, ਜ਼ੋਰ ਨਾਲ ਜ਼ਮੀਨ ਤੇ ਮਾਰਿਆ ਤਾਂ ਪਾਣੀ ਦੀ ਜਲ ਧਾਰਾ ਫੁੱਟ ਨਿਕਲੀ। ਬਾਬਾ ਜੀ ਨੇ ਨੰਦ ਲਾਲ ਨੂੰ ਕਿਹਾ ਕਿ ਜਿੰਨਾ ਮਰਜ਼ੀ ਪਾਣੀ ਪੀਓ। ਅੱਗੋਂ ਬਾਬਾ ਨੰਦ ਲਾਲ ਜੀ ਨੇ ਕਿਹਾ ਕਿ ਬਸ, ਬਸ, ਮੈਨੂੰ ਪਿਆਸ ਨਹੀਂ ਸੀ, ਮੈਂ ਤਾਂ ਤੁਹਾਡੀ ਪ੍ਰੀਖਿਆ ਲਈ ਹੈ, ਤੁਸੀਂ ਬਾਰਾਂ ਸਾਲ ਸਹੌੜੇ ਦੀ ਪਹਾੜੀ ਤੇ ਰਹੇ ਹੋ, ਕਿਤੇ ਆਤਮਿਕ ਤਾਕਤ ਤੋਂ ਖਾਲੀ ਤਾਂ ਨਹੀਂ, ਮੈਂ ਦੇਖ ਲਿਆ ਹੈ ਸੰਤ ਮਹਾਂਪੁਰਸ਼ ਬਣ ਗਏ ਹੋ। ਤੁਸੀਂ ਜਿਧਰ ਵੀ ਜਾਵੋਗੇ, ਤੁਹਾਡੀ ਜੈ ਜੈਕਾਰ ਹੋਵੇਗੀ। ਇਹ ਸਾਰਾ ਬ੍ਰਿਤਾਂਤ ਮੈਨੂੰ ਪਿੰਡ ਖੁਣ ਖੁਣ ਕਲਾਂ ਵਿਚ ਵਸਦੇ ਬ੍ਰਹਮ ਗਿਆਨੀ ਭਗਤ ਅਰਜਨ ਦਾਸ ਜੀ ਨੇ ਦਸ ਸਾਲ ਪਹਿਲਾਂ ਦੱਸਿਆ ਸੀ ਜੋ ਹੁਣ ਸਵਰਗਵਾਸ ਹੋ ਚੁੱਕੇ ਹਨ।

ਤਲਵਾੜੇ ਵਲੋਂ ਬਾਬਾ ਗੋਬਿੰਦ ਰਾਮ ਜੀ ਮੁੜ ਪਿੰਡ ਖੁਣ-ਖੁਣ ਕਲਾਂ, ਪਿੰਡ ਭਟੀਆਂ ਦੇ ਇਲਾਕੇ ਵਿਚ ਆ ਗਏ। ਪਿੰਡ ਖੁਣ ਖੁਣ ਕਲਾਂ ਵਿਚ ਬਾਬਾ ਸੰਤ ਰਾਮ ਜੀ ਦੀ ਵੀ ਜਗ੍ਹਾ ਹੈ ਜੋ ਬਾਬਾ ਗੋਬਿੰਦ ਰਾਮ ਜੀ ਦੀ ਭਤੀਜੇ ਸਨ। ਪਿੰਡ ਭੱਟੀਆਂ ਤੋਂ ਬਾਬਾ ਗੋਬਿੰਦ ਰਾਮ ਜੀ, ਭਗਤ ਅਰਜਨ ਦਾਸ ਜੀ ਦੇ ਦੱਸਣ ਅਨੁਸਾਰ ਜ਼ਿਲ੍ਹਾ ਲੁਧਿਆਣਾ ਵੱਲ ਚੱਲੇ ਗਏ ਅਤੇ ਸ੍ਰੀ ਭੈਣੀ ਸਾਹਿਬ, ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਚੱਲੇ ਗਏ। ਸ੍ਰੀ ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਕੇ ਖੰਡੇ ਬਾਟੇ ਦਾ ਅੰਮ੍ਰਿਤ ਛੱਕ ਕੇ ਨਿਹੰਗ ਸਿੰਘ ਸੱਜ ਗਏ ਅਤੇ ਬਸੰਤੀ ਬਸਤਰ ਸਜਾ ਲਏ।

**ਸੁਵਰਨ ਸਿੰਘ ਵਿਰਕ ਜੀ ਦੇ ਵਿਚਾਰ–** ਨਾਮਧਾਰੀ ਪੰਥ ਦੇ ਪ੍ਰਸਿੱਧ ਲੇਖਕ ਨੇ 2017 ਈ. ਵਿੱਚ ਵਰਿਆਮ ਰਿਸਾਲੇ ਵਿਚ ਪ੍ਰਕਾਸ਼ਤ ਕੀਤੇ ਮਹੀਨਾਵਾਰ ਲੇਖਾਂ ਨੂੰ ਇਕੱਤਰ ਕਰਕੇ "ਕੂਕਾ ਲਹਿਰ ਦੇ ਅਮਰ ਨਾਇਕ" ਪੁਸਤਕ ਪ੍ਰਕਾਸ਼ਤ ਕੀਤੀ ਸੀ ਜਿਸਦੇ ਇਕਵੰਜਾ ਨੰ: ਲੇਖ "ਸੰਤ ਬਾਬਾ ਹਰਨਾਮ ਸਿੰਘ ਗੜ੍ਹਦੀਵਾਲਾ" ਸਫਾ 685 ਤੋਂ 699 ਤੱਕ ਪ੍ਰਕਾਸ਼ਤ ਹੋਇਆ ਹੈ। ਉਹਨਾਂ ਦੇ ਲੇਖ ਵਿਚੋਂ ਮੇਰੇ ਇਸ ਲੇਖ ਲਈ ਧੰਨਵਾਦ ਸਾਹਿਤ ਉਹਨਾਂ ਦਾ ਮੈਟਰ

ਕੌਮਿਆਂ ਹੇਠ ਦੇ ਰਿਹਾ ਹਾਂ-

"ਰਿਧੀ ਸਿੱਧੀ ਹਾਸਲ ਹੋ ਗਈ ਹੈ ਪਰ ਅਜੇ ਮਨ ਦੀ ਭਟਕਣ ਨਹੀਂ ਮੁਕ ਰਹੀ। ਹੁਣ ਉਮਰ ਵੀ 34-35 ਸਾਲ ਦੀ ਹੋ ਗਈ ਹੈ। ਇਹ ਉਹ ਸਮਾਂ ਹੈ, ਜਦੋਂ ਪੰਜਾਬ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਸੰਤ ਖਾਲਸੇ ਦੀ ਸ਼ੋਅ, ਨਾ ਸਿਰਫ ਪੰਜਾਬ ਭਰ ਵਿਚ ਸਗੋਂ ਦੇਸ਼ ਦੇ ਹੋਰਨਾਂ ਇਲਾਕਿਆਂ ਤੋਂ ਇਲਾਵਾ, ਦੇਸ ਦੇਸ਼ਾਤ ਤੱਕ ਫੈਲ ਚੁੱਕੀ ਹੈ। ਲੋਕ ਤੇਜੀ ਨਾਲ ਆਪ ਜੀ ਦੀ ਮਿਕਨਾਤੀਸੀ ਸਖਸ਼ੀਅਤ ਅਤੇ ਵਿਸ਼ਵ ਕਲਿਆਣਕਾਰੀ ਉਪਦੇਸ਼ਾਂ ਵੱਲ ਖਿੱਚੇ ਤੁਰੇ ਆਉਂਦੇ ਹਨ। ਯੋਗ ਅਭਿਆਸ ਅਤੇ ਸੂਰਜ-ਸਾਧਨਾਂ ਨਾਲ ਸੰਤ ਜੀ ਨੂੰ ਇਹੋ ਜਿਹਾ ਸੂਖਮ ਹੰਕਾਰ ਵੀ ਹੋ ਗਿਆ ਹੈ, ਅਭਿਮਾਨ ਨੇ ਡੇਰੇ ਆ ਲਾਏ ਹਨ...... ਸੰਤ ਜੀ ਦੇ ਅੰਦਰ ਇਹ ਫੁਰਨਾ ਪੈਦਾ ਹੋ ਗਿਆ ਜਿਸ ਨਵੇਂ ਪੰਥ, ਸੰਤ ਖਾਲਸਾ। ਨਾਮਧਾਰੀ ਜਾਂ ਕੂਕੇ ਸਿੰਘਾਂ ਦੇ, ਪੰਜਾਬ ਵਿਚ ਪ੍ਰਗਟ ਹੋਣ ਦੇ ਸਮਾਚਾਰ ਆਏ ਦਿਨ ਮਿਲਦੇ ਹਨ ਜੋ ਉਹਨਾਂ ਦੇ ਗੁਰੂਵਲ ਮੈਂ ਨੇਤਰ ਭਰ ਕੇ ਵੇਖ ਲਿਆ ਤਾਂ ਉਹ ਪੁੱਟਿਆ ਜਾਵੇਗਾ ਤੇ ਉਹਦੀ ਲੱਖਾਂ ਦੀ ਸਿੱਖੀ ਆਪਣੀ ਹੋ ਜਾਵੇਗੀ। ਇਸ ਲਈ ਹੁਣ ਇਹ ਨਵਾਂ ਕਉਤਕ ਕਰਨ ਲਈ, ਪੰਜਾਬ ਵੱਲ ਚਲਿਆ ਜਾਵੇ। ਸੰਤ ਇੰਦਰ ਸਿੰਘ ਜੀ ਚੱਕਰਵਰਤੀ ਜੀ ਦੇ ਲਿਖਣ ਮੁਤਾਬਿਕ, ਗੋਬਿੰਦ ਦਾਸ ਨੂੰ ਅੰਮ੍ਰਿਤ ਦੀ ਦਾਤ, ਸ੍ਰੀ ਸਤਿਗੁਰੂ ਜੀ ਤੋਂ ਸ੍ਰੀ ਭੈਣੀ ਸਾਹਿਬ ਵਿਖੇ ਪ੍ਰਾਪਤ ਹੋਈ। ਪ੍ਰੰਤੂ ਲੇਖਕ ਦੇ ਪਿਤਾ ਜੀ ਸਨ। 1925 ਤੋਂ 1927 ਈ. ਦੇ ਸਮੇਂ ਵਿਚ ਗੜ੍ਹਦੀਵਾਲੇ ਬੇਅੰਤ ਜੀ ਨਾਲ ਰਹੇ ਸਨ ਅਤੇ ਉਦੋਂ ਸੰਤ ਹਰਨਾਮ ਸਿੰਘ ਹੋਰਾਂ ਨੂੰ ਗੁਜ਼ਰਿਆਂ ਵੀ ਮਸਾਂ ਡੇਢ ਦਹਾਕਾ ਹੀ ਹੋਇਆ ਸੀ। ਸੋ ਕੁਝ ਪ੍ਰੰਪਰਾਗਤ ਸਰੋਤਾਂ ਤੋਂ ਮਿਲਣ ਵਾਲੀ ਜਾਣਕਾਰੀ 'ਤੇ, ਵੱਧ ਭਰੋਸਾ ਕੀਤਾ ਜਾ ਸਕਦਾ ਹੈ। ਉਹਨਾਂ ਦੇ ਦੱਸਣ ਮੁਤਾਬਿਕ ਸਤਿਗੁਰੂ ਜੀ ਦਮਦਮਾ ਸਾਹਿਬ ਵਿਖੇ, ਵੈਸਾਖੀ ਦੇ ਮੇਲੇ ਦਰਸ਼ਨ ਦੇ ਰਹੇ ਸਨ। ਸੰਭਵ ਹੈ ਕਿ ਇਹ ਵੈਸਾਖੀ 1871 ਈ. ਵਾਲੀ ਹੀ ਹੋਵੇ ਕਿਉਂ ਜੇ ਉਹ ਇਸ ਤੋਂ ਪਹਿਲਾਂ ਕਿਸੇ ਵੈਸਾਖੀ ਤੇ ਆਏ ਹੁੰਦੇ ਤਾਂ ਬਾਹੋਵਾਲ ਜੀ ਦੀ ਰਚਨਾ ਵਿਚ ਉਹਨਾਂ ਦਾ ਜ਼ਿਕਰ ਆਉਂਦਾ। ਇਸ ਲਈ ਨਵੇਂ ਬਣੇ ਨਾਮਧਾਰੀ ਸਨ ਤੇ ਬਾਅਦ ਵਿਚ ਸ਼ਹੀਦੀ ਸਾਕੇ ਅਤੇ ਪ੍ਰਦੇਸ਼ ਗਵਨ ਸਾਕਾ ਵਾਪਰ ਗਏ। ਸੋ ਆਪਣੇ ਡੇਰੇ ਜਾ ਟਿਕਣ ਕਾਰਨ ਅਤੇ ਭੈਣੀ ਸਾਹਿਬ ਪੁੱਜਣ ਵਿਚ ਦਿਕਤਾਂ ਹੋਣ ਕਾਰਨ, ਉਹ ਬਾਹੋਵਾਲ ਜੀ ਦੀ ਕਲਮ ਦੀ ਪਕੜ ਵਿਚ ਆਉਣੋਂ ਰਹਿ ਗਏ ਕਾਰਨ, ਉਹ ਬਾਹੋਵਾਲ ਜੀ ਦੀ ਕਲਮ ਦੀ ਪਕੜ ਵਿਚ ਆਉਣੋਂ ਰਹਿ ਗਏ ਅਤੇ ਲੰਮੇਂ ਸਮੇਂ ਤੋਂ ਸੰਗਤ ਵਿਚ ਵਿਚਰਨ ਵਾਲੇ (ਸਫਾ 691) ਸਿਖਾਂ ਜਿਉਂ ਹੁਕਮਨਾਮਿਆਂ ਵਿਚ ਵੀ ਜ਼ਿਕਰ ਨਾ ਹੋਣਾ ਇਹੋ ਦਸਦਾ ਹੈ ਕਿ ਆਪ ਦਾ ਨਾਮਧਾਰੀ ਪੰਥ ਵਿਚ ਸ਼ਾਮਲ ਹੋਣਾ ਪ੍ਰਦੇਸ਼ ਗਵਨ ਤੋਂ ਪਹਿਲਾ ਮਸਾਂ 8-9 ਮਹੀਨੇ ਮਲੂਮ ਹੁੰਦਾ ਹੈ।

ਸੰਤ ਗੋਬਿੰਦ ਦਾਸ ਜੀ ਨੇ ਉਹ ਰਸਤਾ ਲਭ ਲਿਆ ਜਿਸ ਤੇ ਵੈਸਾਖੀ ਦੇ ਮੇਲੇ ਦੀ ਸਮਾਪਤੀ ਬਾਦ ਆਪਣਾ ਦੌਰਾ ਕਰਦਿਆਂ, ਸਤਿਗੁਰੂ ਜੀ ਨੇ ਗੁਜ਼ਰਨਾ ਸੀ। ਇਸ ਰਾਹ ਦੇ ਇਕ ਕਿਨਾਰੇ ਤੇ ਉਹ ਆਪਣਾ ਆਸਣ ਲਾ ਕੇ ਬੈਠ ਗਿਆ, ਇਸ ਆਸ ਨਾਲ ਕਿ ਉਸ ਦੀ ਤਰਾਟਕ ਸਿੱਧੀ ਸਕਦਾ, ਕੂਕਿਆਂ ਦਾ ਗੁਰੂ ਉਸਦੀਆਂ ਸੂਰਜੀ ਅੱਖਾਂ ਦੀ ਤਾਬ ਨਾ ਝਲਦਾ ਹੋਇਆ, ਸਾਧ ਦਾ ਦੀਵਾਨਾ ਬਣ ਜਾਏਗਾ ਅਤੇ ਇਉਂ ਸੰਤਾਂ ਦੀ ਬੱਲੇ ਬੱਲੇ ਹੋ ਜਾਏਗੀ। ਜਦੋਂ ਮਿਥਿਆ ਵਕਤ ਆਇਆ, ਚੀਨੀ ਘੋੜੀ ਤੇ ਅਸਵਾਰ ਸਤਿਗੁਰੂ ਰਾਮ ਸਿੰਘ ਜੀ, ਸੂਬਿਆਂ, ਮਸਤਾਨੇ ਸਿੰਘਾਂ ਅਤੇ ਹੋਰ ਸੰਗਤ ਸਮੇਤ, ਸੰਤ ਜੀ ਦੇ ਆਸਣ ਕੋਲੋਂ ਗੁਜ਼ਰੇ ਰਤਾ ਹੋਲੀ ਚਾਲ ਨਾਲ, ਆਪ ਨੇ ਜੀਅ ਭਰ ਕੇ, ਜੀਵਨ ਦਾਨ ਦੇਣ ਵਾਲੇ ਨੇਤਰਾਂ ਨਾਲ, ਜਦੋਂ ਉਹਨਾਂ ਵੱਲ ਨਿਹਾਰਿਆਂ- "ਚਾਰੇ ਨੈਣ ਗਡਾਵਡ ਹੋਏ, ਵਿਚ ਵਿਚੋਲਾ ਕੇਹ" ਦੇ ਮੁਤਾਬਿਕ ਆਪ ਨੂੰ ਮੋਹਣ ਆਏ ਸੰਤ ਜੀ, ਮੋਹਨ ਦੀ ਮੋਹਨੀ ਮੂਰਤ ਦੇਖ ਕੇ ਖੁਦ ਮੋਹੇ ਗਏ। ਆਸਣ ਛੱਡ ਕੇ ਚੀਨੀ ਘੋੜੀ ਦੇ ਮਗਰੇ ਹੀ ਭੱਜ ਤੁਰੇ ਅਤੇ ਖੁਦ ਦੀਵਾਨੇ ਹੋ ਗਏ। ਸਤਿਗੁਰੂ ਜੀ ਨੇ ਕਿਸੇ ਪੜਾਅ 'ਤੇ ਜਦੋਂ ਰੁਕੇ, ਉਦੋਂ ਨਾਮਦਾਨ ਦਿੱਤਾ। ਅੰਮ੍ਰਿਤ ਦੀ ਦਾਤ ਸ੍ਰੀ ਭੈਣੀ ਸਾਹਿਬ ਵਿਖੇ ਬਖਸ਼ੀ ਹੋ ਸਕਦੀ ਹੈ ਤੇ ਉਪਰ ਵਰਣਿਤ ਦੁਮਾਲਾ ਆਦਿ ਸਜਾ ਕੇ, ਨਿਹੰਗ ਸਿੰਘ ਬਾਣੇ ਵਿਚ ਰਹਿਣ ਦਾ ਹੁਕਮ ਕੀਤਾ। ਨਾਮ ਗੋਬਿੰਦ ਦਾਸ ਤੋਂ ਹਰਨਾਮ ਸਿੰਘ ਪੂਰਨ ਸੰਤ ਬਨਾਉਣਾ ਸੀ......।"

**ਵਿਚਾਰ ਤੇ ਪੜ੍ਹਤਾਲ-** ਵਿਰਕ ਸਾਹਿਬ ਜੋ ਉਚਕੋਟੀ ਦੇ ਵਿਦਵਾਨ, ਸੁਘੜ ਬੁਲਾਰੇ ਹਨ ਉਹਨਾਂ ਨੇ ਸੰਤ ਬਾਬਾ ਹਰਨਾਮ ਸਿੰਘ ਜੀ ਦਾ ਸਤਿਗੁਰੂ ਰਾਮ ਸਿੰਘ ਜੀ ਨਾਲ ਇਤਿਹਸਕ ਮੇਲ ਬਾਰੇ ਲਿਖਿਆ ਹੈ ਜੋ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਹੋਇਆ ਦੱਸਿਆ ਹੈ ਇਤਿਹਾਸਿਕ ਸਬੂਤ ਦੀ ਅਣਹੋਂਦ ਕਾਰਨ ਮੰਨਿਆ ਨਹੀਂ ਜਾ ਸਕਦਾ। ਇਤਿਹਾਸ ਸਬੂਤ ਮੰਗਦਾ ਹੈ, ਸਿਰਫ ਕਾਲਪਨਿਕ ਉਡਾਰੀਆਂ ਨਾਲ ਕੀਤੀ ਰਚਨਾ ਨੂੰ ਇਤਿਹਾਸ ਮੰਨਿਆ ਨਹੀਂ ਜਾ ਸਕਦਾ।

ਇਸ ਬਾਰੇ ਵਿਰਕ ਸਾਹਿਬ ਨੇ ਆਪਣੇ ਸਤਿਕਾਰ ਯੋਗ ਪਿਤਾ ਜਥੇਦਾਰ ਗੁਰਮੁੱਖ ਸਿੰਘ ਝੱਬਰ ਜੋ ਸਤਿਗੁਰੂ

ਪ੍ਰਤਾਪ ਸਿੰਘ ਜੀ ਦੇ ਹਜ਼ੂਰੀ ਸੇਵਕ ਸਨ ਦੀਆਂ ਯਾਦਾਂ ਦੇ ਝਰੋਖੇ ਵਿਚੋਂ ਨਿਕਲੀਆਂ ਯਾਦਾਂ ਨੂੰ ਪੁਸਤਕ "ਅੱਖੀ ਡਿੱਠਾ ਕਿੱਸਾ ਕੀਤਾ" ਜੋ ਦੂਜੀ ਵਾਰ 2018 ਈ. ਵਿਚ ਛਪੀ ਸੀ ਅਤੇ ਇਸ ਤੋਂ ਬਿਨਾਂ 8 ਫਰਵਰੀ 1981 ਈ. ਨੂੰ ਸਥਾਨ ਕਰੀਵਾਲਾ ਵਿਖੇ ਤਿਆਰ ਕੀਤੀ ਵੀ.ਡੀ.ਓ. ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਬਾਬਾ ਜੀ ਵਲੋਂ ਤਖਤ ਦਮਦਮਾ ਸਾਹਿਬ ਵਿਖੇ ਮੇਲ ਲਈ ਸਬੂਤ ਵਜੋਂ ਵਰਤਿਆ ਹੈ ਜਦੋਂ ਕਿ ਇਹ ਸਬੂਤ ਵਜੋਂ ਵਰਤਣਾ ਅਤੇ ਜਥੇਦਾਰ ਸਾਹਿਬ ਦੇ ਇਤਿਹਾਸ ਪ੍ਰਮਾਣ ਦੇਣਾ ਬਿਲਕੁਲ ਗਲਤ ਹੈ ਕਿਉਂਕਿ ਇਸ ਮੇਲ ਦਾ ਇਹਨਾਂ ਵਿਚ ਕੋਈ ਜ਼ਿਕਰ ਨਹੀਂ ਹੈ।

ਫਿਰ ਸਤਿਗੁਰੂ ਜੀ ਦੇ ਤਲਵੰਡੀ ਸਾਬੋ-ਦਮਦਮਾ ਸਾਹਿਬ ਵਿਖੇ ਰਾਹ ਵਿਚ ਸੰਤਾਂ ਨੇ ਬੈਠ ਜਾਣਾ ਅਤੇ ਤਾਂਤਰਿਕ ਜੋਗੀ ਵਾਂਗ ਵਰਤਾਵ ਕਰਨਾ ਬਿਲਕੁਲ ਗਲਤ ਹੈ। ਸੰਤ ਜੀ ਤਾਂ ਆਪਣੀ ਭਗਤੀ ਸਾਧਨਾ ਬਾਰੇ ਤਾਂ ਬਾਬਾ ਨੰਦ ਲਾਲ ਜੀ ਸਹੌੜੇ ਵਾਲਿਆਂ ਨੂੰ ਪ੍ਰਿਖਿਆ ਪਹਿਲਾਂ ਹੀ ਸਬੂਤ ਦੇ ਚੁੱਕਾ ਸੀ ਜਿਸ ਬਾਰੇ ਮੈਂ ਪਹਿਲਾਂ ਹੀ ਲਿਖ ਚੁੱਕਾ ਹਾਂ। ਪਾਠਕ ਹੁਣ ਤੱਕ ਬਹੁਤ ਕੁਝ ਪੜ ਚੁੱਕੇ ਹਨ, ਇਸ ਨਾਟਕ ਚੇਟਕ ਜਿਹੇ ਅਡੰਬਰ ਐਸੇ ਮਹਾਰਾਜ ਸੰਤ ਜੀ ਬਾਰੇ ਲਿਖਣੇ ਜੀ ਤਾਂ ਸੋਚਣੇ ਵੀ ਗਲਤ ਹਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਦਸਮ ਗ੍ਰੰਥ ਜੀ ਦੇ ਅਧਿਆਇ ਪੰਚਮ, ਪੰਨਾ 48-49 ਤੇ ਇਸ ਪ੍ਰਕਾਰ ਲਿਖਿਆ ਹੈ-

ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭ ਲੋਗਨ ਕਹ ਆਵਤ ਲਾਜਾ॥

**ਜੱਸ ਜੀਵਨ- ਭਾਗ 6 ਦੀ ਵਾਰਤਾ-** ਨਾਮਧਾਰੀ ਇਤਿਹਾਸ ਬਾਰੇ ਮੁੱਢਲੀ ਜਾਣਕਾਰੀ ਦੇਣ ਵਾਲਾ ਗ੍ਰੰਥ ਸਤਿਗੁਰੂ ਬਿਲਾਸ ਕ੍ਰਿਤ ਸੰਤ ਸੰਤੋਖ ਸਿੰਘ ਬਾਹੋਵਾਲ ਜਿਸ ਵਿੱਚ ਬਾਬਾ ਹਰਨਾਮ ਸਿੰਘ ਜੀ ਬਾਰੇ ਕੁਝ ਵੀ ਜਾਣਕਾਰੀ ਨਹੀਂ ਮਿਲਦੀ। ਉਹਨਾਂ ਤੋਂ ਬਾਅਦ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਸੰਪੂਰਨ ਨਾਮਧਾਰੀ ਇਤਿਹਾਸ ਪ੍ਰਤਾਪ ਸਿੰਘ ਜੀ ਦੇ ਸਮੇਂ ਸੰਪੂਰਨ ਨਾਮਧਾਰੀ ਇਤਿਹਾਸ ਬਾਰੇ ਸੰਤ ਤਰਨ ਸਿੰਘ ਵਹਿਮੀ ਜੀ ਨੇ ਕਲਮ ਚਲਾਈ ਹੈ। ਸਾਰਾ ਨਾਮਧਾਰੀ ਇਤਿਹਾਸ ਛੇ ਹਿਸਿਆਂ ਵਿਚ ਸਮੇਂ ਸਮੇਂ ਪ੍ਰਕਾਸ਼ਤ ਹੋਇਆ। ਪਹਿਲੇ ਤਿੰਨ ਹਿਸੇ ਸੰਤਾਂ ਨੇ ਆਪਣੇ ਜੀਉਂਦੇ ਜੀਅ ਪ੍ਰਕਾਸ਼ਤ ਕੀਤੇ ਬਾਕੀ ਹਿੱਸੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਦਰਬਾਰ ਵਲੋਂ ਛਾਪਣ ਦੀ ਕਿਰਪਾ ਕੀਤੀ ਸੀ। ਇਸ ਪ੍ਰਕਾਰ ਸੰਤ ਤਰਨ ਸਿੰਘ ਵਹਿਮੀ ਜੀ ਦੀ ਲਿਖਤ ਪਾਠਕਾਂ ਦੇ ਹੱਥਾਂ ਵਿਚ ਦੇ ਕੇ ਸਦਾ ਲਈ ਅਮਰ ਕਰ ਦਿੱਤਾ ਹੈ।

ਜਸ ਜੀਵਨ ਭਾਗ-6 ਵਿਚ ਭਲੀ ਭਾਂਤ ਲਿਖਿਆ ਹੈ ਕਿ ਬਾਬਾ ਹਰਨਾਮ ਸਿੰਘ ਜੀ ਨੇ ਕਸਬਾ ਕਾਦੀਆਂ ਵਿਖੇ ਸਤਿਗੁਰੂ ਰਾਮ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ ਸੀ। ਵਹਿਮੀ ਜੀ ਖੁਦ ਲਿਖਦੇ ਹਨ, ਉਹਨਾਂ ਨੇ ਆਪ ਜਾ ਕੇ ਕਾਦੀਆਂ ਵਿਚ ਜਾ ਕੇ ਜਾਣਕਾਰੀ ਹਾਸਲ ਕੀਤੀ ਹੈ। ਉਹ ਪੰਨਾ 303-304 ਤੇ ਇਸ ਪ੍ਰਕਾਰ ਲਿਖਦੇ ਹਨ-

"ਬਚਨ ਪੂਰੇ ਹੋਏ"

ਮੈਂ ਆਪ ਕਾਦੀਆਂ ਜਾ ਦੇਖਿਆ ਹੈ ਮਿਰਜਾ ਗੁਲਾਬ ਅਹਿਮਦ ਜੀ ਪ੍ਰਗਟ ਪ੍ਰਸਿੱਧ ਪ੍ਰਵਾਨ ਹੋਣ ਸਮੇਂ ਨਿਹੰਗ ਸਿੰਘ ਹਰਨਾਮ ਸਿੰਘ ਜੀ ਹਰਗੋਬਿੰਦ ਪੁਰ ਵਾਲੇ ਜਿਥੇ ਲੰਗਰ ਵਾਲੀ ਜਗ੍ਹਾ ਸੀ ਬੈਠੇ ਤਪ ਕਰ ਰਹੇ ਸੀ ਉਥੇ ਗੁਰਦੁਆਰਾ ਬਣਿਆ ਹੈ ਤੇ ਨੇੜੇ ਹੀ ਚੌਂਹ ਦਰਵਾਜਿਆਂ ਵਾਲੀ ਮਸੀਤ ਭੀ ਬਣੀ ਹੋਈ ਹੈ। ਬਾਦ ਹਰਨਾਮ ਸਿੰਘ ਜੀ ਗੜ੍ਹਦੀਵਾਨੇ ਜ਼ਿਲ੍ਹਾ ਹੁਸਿਆਰਪੁਰ ਚਲੇ ਗਏ ਸੀ। ਕਾਦੀਆਂ ਦੇ ਲੋਕ ਦਸਦੇ ਹਨ ਮਿਰਜਾ ਸਾਹਿਬ ਬ੍ਰਾਹਮਣਾਂ ਨੂੰ ਉਹਨਾਂ ਦੇ ਘਰਾਂ ਦੀ ਕੀਮਤ ਦੇ ਦਿੱਤੀ ਸੀ ਤੇ ਬ੍ਰਾਹਮਣ ਦੂਜੇ ਪਾਸੇ ਜਾ ਵੱਸੇ ਸਨ। ਮਿਰਜ਼ਾ ਸਾਹਿਬ ਗ੍ਰੰਥ ਸਾਹਿਬ ਭੀ ਆਪਣੇ ਸਮੇਂ ਮੇਲੀਆਂ ਤੇ ਮੁਰੀਦਾਂ ਤੋਂ ਪੜ੍ਹਾਂਦੇ ਰਹੇ ਹਨ। ਮੈਂ ਕੁਝ ਪੁਸਤਕਾਂ ਭੀ ਅਹਿਮਦੀਆਂ ਦੀਆਂ ਖਰੀਦ ਪੜ੍ਹੀਆਂ ਹਨ ਤੇ ਮਿਰਜਾ ਸਾਹਿਬ ਦੇ ਮੁਰੀਦਾਂ ਨੂੰ ਮਿਲਿਆ ਭੀ ਹਾਂ, ਠੀਕ ਅਹਿਮਦੀ ਮੁਸਲਮਾਨ ਤਅੱਸਬੀ, ਨਹੀਂ ਹੁੰਦੇ ਸਗੋਂ ਖੁਲ੍ਹ ਦਿਲੇ ਤੇ ਈਮਾਨਦਾਰ ਤੇ ਸਹੀ ਖੋਜ ਵਾਲੇ ਹੁੰਦੇ ਹਨ। ਗਿਆਨੀ ਅਬਾਦ ਉਲਾ ਜੋ ਪਾਕਿਸਤਾਨ ਜ਼ਿਲ੍ਹੇ ਝੰਗ ਵਿਚ ਰੱਬਵਾਹ ਤੋਂ ਰੋਜ਼ਾਨਾ ਅਲਵਜ਼ਲ ਅੱਖਬਾਰ ਛਪਦੀ ਹੈ ਦਾ ਮੈਨੇਜਰ ਹੈ ਉਹ ਗੁਰਬਾਣੀ ਤੇ ਸਿਖ ਇਤਿਹਾਸ ਦਾ ਬਹੁਤ ਹੀ ਜਾਣੂ ਹੈ।

ਇਸਦੀ ਪੁਸ਼ਟੀ 'ਸਤਿਜੁਗ' ਸਪਤਾਹਿਕ ਅਖਬਾਰ ਦਾ ਅੰਕ 1972 ਈ. 'ਸਤਿਗੁਰੂ ਰਾਮ ਸਿੰਘ ਪ੍ਰਦੇਸ਼ ਗਵਨ ਸ਼ਤਾਬਦੀ ਅੰਕ' ਵਿਚੋਂ ਵੀ ਹੋ ਜਾਂਦੀ ਹੈ। ਬੀਬੀ ਕੁਲਦੀਪ ਕੌਰ ਕਾਦੀਆਂ ਦਾ ਲੇਖ "ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਕਾਦੀਆਂ ਵਿਖੇ ਮੇਲਾ" ਛਪਿਆ ਸੀ। ਸਤਿਗੁਰੂ ਜੀ ਦੇ ਪ੍ਰਦੇਸ਼ ਗਵਨ ਤੋਂ ਚਾਰ ਸਾਲ ਪਹਿਲਾਂ ਸੰਮਤ 1925 (1868 ਈ.) ਦੇ ਲਗਭਗ ਸਤਿਗੁਰੂ ਰਾਮ ਸਿੰਘ ਜੀ ਕਾਦੀਆਂ ਵਿਖੇ ਆਏ ਸੀ ਸਫਾ 36 ਅਤੇ 37 ਅਨੁਸਾਰ ਕਾਦੀਆਂ ਕਸਬੇ ਦੇ ਬਟਾਲਾਦਰਵਾਜੇ ਅੱਗੇ ਜੋ ਗੁਰਦੁਆਰਾ ਗੋਬਿੰਦ ਗੜ੍ਹ ਹੈ ਦੀ ਨੀਂਹ ਸਤਿਗੁਰੂ ਰਾਮ ਸਿੰਘ ਜੀ ਨੇ ਰਖੀ ਸੀ।

**ਬਾਕੀ ਸਫਾ ਨੰ 16 'ਤੇ**

# ਜੰਗ ਅਤੇ ਸਾਲਸੀ ਦਾ ਲੇਖਾ

**ਕੇਸੀ ਸਿੰਘ**

ਦੱਖਣੀ ਏਸ਼ੀਆ ਵਿੱਚ ਜੰਗ ਦੇ ਢੋਲਾਂ ਦੀ ਧਮਕ ਹਮੇਸ਼ਾ ਬੂਟਾਂ ਜਾਂ ਬੰਬਾਂ ਦੀ ਗੂੰਜ ਵਰਗੀ ਨਹੀਂ ਹੁੰਦੀ। ਕਦੇ ਕਦਾਈਂ ਉਨ੍ਹਾਂ ਦੀ ਗੂੰਜ ਆਈ ਐੱਮ ਐੱਫ ਵਾਇਰ ਟ੍ਰਾਂਸਫਰ (ਭਾਵ ਖਾਤੇ ਵਿੱਚ ਪੈਸੇ ਪਾਉਣ) ਜਾਂ ਐੱਫ ਏ ਟੀ ਐੱਫ ਦੀਆਂ ਸੋਧਾਂ ਦੀ ਸਮੀਖਿਆ ਵਰਗੀ ਵੀ ਹੁੰਦੀ ਹੈ। ਲੰਘੀ 9 ਮਈ ਨੂੰ ਜਦੋਂ ਸੈਟੇਲਾਈਟ ਚੈਨਲ ਭਾਰਤ ਅਤੇ ਪਾਕਿਸਤਾਨ ਵਿਚਕਾਰ ਮਿਜ਼ਾਈਲ ਹਮਲਿਆਂ ਦੇ ਨਵੇਂ ਗੇੜ ਦੀਆਂ ਅਟਕਲਾਂ ਲਾ ਰਹੇ ਸਨ ਤਾਂ ਹਜ਼ਾਰਾਂ ਮੀਲ ਦੂਰ ਵਾਸ਼ਿੰਗਟਨ ਵਿੱਚ ਚੁੱਪ-ਚੁਪੀਤੇ ਕੁਝ ਬਹੁਤ ਹੀ ਫ਼ੈਸਲਾਕੁਨ ਕਾਰਵਾਈ ਚੱਲ ਰਹੀ ਸੀ। ਕੌਮਾਂਤਰੀ ਮੁਦਰਾ ਕੋਸ਼ (ਆਈ ਐੱਮ ਐੱਫ) ਨੇ ਪਾਕਿਸਤਾਨ ਲਈ 11 ਅਰਬ ਡਾਲਰ ਜਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਜੋ ਉਸ ਦੇ ਅਰਥਚਾਰੇ ਨੂੰ ਢਹਿ-ਢੇਰੀ ਹੋਣ ਤੋਂ ਬਚਾਉਣ ਲਈ ਦਰਕਾਰ 7 ਅਰਬ ਡਾਲਰ ਦੇ ਵਡੇਰੇ ਪੈਕੇਜ ਦਾ ਹਿੱਸਾ ਹੈ।

ਆਮ ਵਾਂਗ ਇਹ ਪੈਸਾ ਨੁਸਖਿਆਂ ਨਾਲ ਮਿਲਿਆ ਹੈ ਜਿਵੇਂ ਸਬਸਿਡੀਆਂ 'ਚ ਕਟੌਤੀ ਕਰੋ, ਬੇ-ਟੈਕਸਿਆਂ 'ਤੇ ਟੈਕਸ ਲਾਓ, ਪਾਕਿਸਤਾਨੀ ਰੁਪਏ ਦੀ ਕੀਮਤ ਵਿੱਚ ਹੋ ਰਹੀ ਗਿਰਾਵਟ ਨੂੰ ਠੱਲ੍ਹ ਪਾਓ ਪਰ ਇਸ ਸਭ ਦੇ ਨਾਲ ਇਹ ਅਣਲਿਖਤ ਮੱਦ ਵੀ ਜੋੜੀ ਗਈ ਸੀ; ਜੰਗ ਨਾ ਵਿੱਢੋ।

ਕੋਈ ਸਮਾਂ ਸੀ ਜਦੋਂ ਪਾਕਿਸਤਾਨ ਜੰਗੀ ਕਾਰਵਾਈ ਦਾ ਹੱਕ ਹੁੰਦਾ ਸੀ। ਅੱਜ ਇਸ ਨੂੰ ਇਸ ਦੀ ਪ੍ਰਵਾਨਗੀ ਆਪਣੇ ਕਰਜ਼ਦਾਤਿਆਂ ਤੋਂ ਲੈਣੀ ਪੈਂਦੀ ਹੈ ਤੇ ਉਹ ਕਰਜ਼ਦਾਤੇ ਅਤੇ ਉਨ੍ਹਾਂ ਦੇ ਆਲਮੀ ਇਤਹਾਦੀ, ਨਿਗਰਾਨ ਤੇ ਮੂਕ ਨਿਵੇਸ਼ਕ ਹੁਣ ਅਸਲ ਕੰਟਰੋਲ ਰੇਖਾ 'ਤੇ ਮੌਜੂਦ ਜਰਨੈਲਾਂ ਨਾਲੋਂ ਵਡੇਰਾ ਕਿਰਦਾਰ ਨਿਭਾਅ ਰਹੇ ਹਨ।

ਮਹਿੰਗਾਈ ਦੀ ਮਾਰ, ਬਿਜਲੀ ਦੀ ਕਿੱਲਤ ਅਤੇ ਟੈਕਸ ਆਧਾਰ ਖਿਸਕਣ ਤੋਂ ਭਮੱਤਰੇ ਪਾਕਿਸਤਾਨ ਨੂੰ 24 ਵੀਂ ਵਾਰ ਆਈ ਐੱਮ ਐੱਫ ਦਾ ਰੁਖ਼ ਕਰਨਾ ਪਿਆ ਹੈ। ਇਸ ਵਾਰ ਆਈ ਐੱਮ ਐੱਫ ਦੀਆਂ ਸ਼ਰਤਾਂ ਦੀ ਸੁਰ ਭੂ-ਰਾਜਸੀ ਹੋ ਗਈ। ਇਸਲਾਮਾਬਾਦ ਦੀ ਆਰਥਿਕਤਾ ਜੋ ਸਾਊਦੀ ਜਮਾਂਪੂੰਜੀਆਂ ਅਤੇ ਚੀਨੀ ਕਰਜ਼ ਨਾਲ ਬੰਨ੍ਹੀ ਹੋਈ ਹੈ, ਮਹਿਜ਼ ਆਰਥਿਕ ਮਾਮਲਾ ਨਹੀਂ ਰਹਿ ਗਈ ਸਗੋਂ ਰਣਨੀਤਕ ਦੇਣਦਾਰੀ ਬਣ ਗਈ ਹੈ।

ਆਈ ਐੱਮ ਐੱਫ ਦੇ ਨਾਲ ਹੀ ਫਾਈਨਾਂਸ਼ੀਅਲ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਵੀ ਕਲਿਪਬੋਰਡ ਲੈ ਕੇ ਖੜ੍ਹੀ ਹੈ ਜੋ ਬਾਹਰੋਂ ਆਉਣ ਵਾਲੀ ਹਰੇਕ ਕਮਾਈ (ਰੈਮਿਟੈਂਸ) ਉੱਪਰ ਨਿਗਾਹ ਰੱਖ ਰਹੀ ਹੈ। ਪਾਕਿਸਤਾਨ ਨੂੰ ਭਾਵੇਂ 2022 ਵਿੱਚ ਐੱਫਏਟੀਐੱਫ ਦੀ ਗ੍ਰੇਅ ਲਿਸਟ 'ਚੋਂ ਕੱਢ ਦਿੱਤਾ ਗਿਆ ਸੀ ਪਰ ਅਜੇ ਵੀ ਇਸ 'ਤੇ ਚੁੱਪ-ਚੁਪੀਤੇ ਨਿਗਰਾਨੀ ਰੱਖੀ ਜਾ ਰਹੀ ਹੈ। ਦਹਿਸ਼ਤਗਰਦੀ ਨਾਲ ਟਾਕਰੇ ਬਾਰੇ ਵਿੱਤਕਾਰੀ ਦੇ ਨੇਮਾਂ ਵਿਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਜਾਂ ਰਾਜਕੀ ਮਿਲੀਭੁਗਤ ਦੀ ਕਿਸੇ ਵੀ ਸੋਅ ਨਾਲ ਪਾਬੰਦੀਆਂ ਮੁੜ ਆਇਦ ਹੋ ਸਕਦੀਆਂ ਹਨ ਤੇ ਇਸ ਵਕਤ ਇਸ ਨੂੰ ਇਹ ਵਾਰਾ ਨਹੀਂ ਖਾ ਸਕਦਾ।

ਕੁੱਲ ਮਿਲਾ ਕੇ ਐੱਫ ਏ ਟੀ ਐੱਫ ਦਾ ਸੰਦੇਸ਼ ਵੀ ਆਈ ਐੱਮ ਐੱਫ ਨਾਲੋਂ ਵੱਖਰਾ ਨਹੀਂ: ਆਪਣੀ ਆਰਥਿਕਤਾ ਨੂੰ ਸੁਧਾਰੋ, ਲੁਕਵੇਂ ਖਿਡਾਰੀਆਂ ਨੂੰ ਕਾਬੂ ਕਰੋ ਜਾਂ ਫਿਰ ਆਲਮੀ ਤੌਰ 'ਤੇ ਅਲੱਗ- ਥਲੱਗ ਪੈਣ ਦਾ ਖ਼ਤਰਾ ਮੁੱਲ ਲਓ ਜਿਸ ਦਾ ਲਬੋ-ਲਬਾਬ ਹੈ- ਪਾਕਿਸਤਾਨ ਜੰਗ ਦਾ ਰਾਹ ਅਖ਼ਤਿਆਰ ਨਹੀਂ ਕਰ ਸਕਦਾ ਤੇ ਇਹ ਹਰ ਕੋਈ ਜਾਣਦਾ ਹੈ।

ਰੈਡੱਕਲਿਫ ਲਾਈਨ ਦੇ ਦੂਜੇ ਬੰਨ੍ਹੇ ਭਾਰਤ ਵੀ ਬਦਲ ਗਿਆ ਹੈ। ਕਿਸੇ ਸਮੇਂ ਇਹ ਰਣਨੀਤਕ ਸੰਜਮ ਦੇ ਵਿਚਾਰ ਨੂੰ ਪ੍ਰਣਾਇਆ ਹੋਇਆ ਸੀ ਪਰ ਹੁਣ ਇਹ ਰਣਨੀਤਕ ਸੰਦੇਸ਼ ਦੇਣ ਦੇ ਰਾਹ 'ਤੇ ਚੱਲ ਰਿਹਾ ਹੈ। ਜਦੋਂ 2019 ਵਿੱਚ ਪੁਲਵਾਮਾ ਹਮਲਾ ਹੋਇਆ ਸੀ ਤਾਂ ਭਾਰਤ ਨੇ ਹਵਾਈ ਸ਼ਕਤੀ ਨਾਲ ਬਾਲਾਕੋਟ ਵਿੱਚ ਵੜ ਕੇ ਹਮਲਾ ਕੀਤਾ ਸੀ। ਕੋਈ ਐਲਾਨ ਨਹੀਂ ਕੀਤਾ ਗਿਆ ਸੀ। ਸਿਰਫ਼ ਕਾਰਵਾਈ ਕੀਤੀ ਗਈ ਤੇ ਉਦੋਂ ਤੋਂ ਦਿੱਲੀ ਨੇ ਆਪਣੀ ਪਲੇਬੁੱਕ ਵਿੱਚ ਸੁਧਾਰ ਕਰ ਲਿਆ ਹੈ: ਗਿਣ-ਮਿੱਥ ਕੇ ਹਮਲਾ ਕਰੋ, ਲੜਾਈ ਨੂੰ ਸੀਮਤ ਰੱਖੋ ਅਤੇ ਬਿਰਤਾਂਤ ਘੜਨ ਲਈ ਤੇਜ਼ ਤਰਾਰ ਕੂਟਨੀਤਕ ਕਾਰਵਾਈ ਕਰੋ।

ਭਾਰਤ ਨੇ ਬਦਲਾ ਹੀ ਨਹੀਂ ਲਿਆ ਸਗੋਂ ਇਸ ਬਦਲੇ ਨੂੰ ਚੰਗੀ ਤਰ੍ਹਾਂ ਦਰਸਾਇਆ ਵੀ ਹੈ ਤੇ ਅਜਿਹਾ ਕਰਦਿਆਂ ਇਸ ਦੀ ਇੱਕ ਅੱਖ ਵਾਸ਼ਿੰਗਟਨ 'ਤੇ ਸੀ, ਇੱਕ ਟੋਕੀਓ 'ਤੇ ਅਤੇ ਤੀਜੀ ਬਲੂਮਬਰਗ ’ਤੇ ਕਿਉਂਕਿ ਦਿੱਲੀ

ਲਈ ਵੀ ਦਿੱਖ ਬਹੁਤ ਮਾਇਨੇ ਰੱਖਦੀ ਹੈ ਤੇ ਜੰਗ ਭਾਵੇਂ ਕਿੰਨੀ ਵੀ ਹੱਕ ਬਜਾਨਬ ਹੋਵੇ ਪਰ ਇਸ ਨਾਲ ਦਿੱਖ ਨੂੰ ਸੱਟ ਵੱਜਦੀ ਹੀ ਹੈ।

ਅਮਰੀਕੀ ਹੁਣ ਭਾਰਤ ਪਾਕਿਸਤਾਨ ਕਹਾਣੀ ਵਿੱਚ ਸਾਲਸੀ ਨਹੀਂ ਕਰਾਉਣਾ ਚਾਹੁੰਦੇ। ਉਹ ਇਹ ਫਿਲਮ ਕਈ ਵਾਰ ਦੇਖ ਚੁੱਕੇ ਹਨ। ਅਮਰੀਕਾ ਦੀ ਸੱਜਰੀ ਦਿਲਚਸਪੀ ਚੀਨ ਦੀ ਘੇਰਾਬੰਦੀ, ਸਪਲਾਈ ਚੇਨਾਂ ਦੀ ਸੁਰੱਖਿਆ ਅਤੇ ਇਹ ਯਕੀਨੀ ਬਣਾਉਣ ਵਿੱਚ ਹੈ ਕਿ ਦੱਖਣੀ ਏਸ਼ੀਆ ਵਡੇਰੇ ਰਣਨੀਤਕ ਮੰਜ਼ਰਨਾਮੇ ਦਾ ਮਹਿਜ਼ ਫੁੱਟ ਨੋਟ ਨਾ ਬਣ ਕੇ ਰਹਿ ਜਾਵੇ ਪਰ ਜਦੋਂ ਬਰੇ-ਸਗੀਰ ਵਿੱਚ ਹਲਚਲ ਹੁੰਦੀ ਹੈ ਤਾਂ ਵਾਸ਼ਿੰਗਟਨ ਨੂੰ ਕਹਿਣਾ ਪੈਂਦਾ ਹੈ। ਉਨ੍ਹਾਂ ਇਸਲਾਮਾਬਾਦ ਨੂੰ ਯਾਦ ਕਰਵਾਇਆ ਹੈ ਕਿ ਜੰਗ ਨਾਲ ਉਨ੍ਹਾਂ ਦੀ ਆਈ ਐੱਮ ਐੱਫ ਵਿੱਚ ਬਣੀ ਪੁੱਛ-ਪ੍ਰਤੀਤ ਚਲੀ ਜਾਵੇਗੀ। ਨਾਲ ਹੀ ਦਿੱਲੀ ਨੂੰ ਚੇਤੇ ਕਰਾਇਆ ਹੈ ਕਿ ਆਲਮੀ ਨਿਵੇਸ਼ਕ ਤੋਪਾਂ ਦਾ ਖੜਾਕ ਨਹੀਂ ਸਗੋਂ ਅਮਨ ਚੈਨ ਚਾਹੁੰਦੇ ਹਨ। ਉਹ ਹੁਣ ਰੈਫਰੀ ਨਹੀਂ ਰਹੇ। ਉਹ ਕਿਸੇ ਡਾਢੇ ਮਕਾਨ ਮਾਲਕ ਵਾਂਗ ਹਨ ਜਿਸ ਨੂੰ ਖਦਸ਼ਾ ਹੋਵੇ ਕਿ ਕਿਤੇ ਕਿਰਾਏਦਾਰ ਘਰ ਨੂੰ ਅੱਗ ਹੀ ਨਾ ਲਾ ਦੇਵੇ।

ਚੀਨ ਪਾਕਿਸਤਾਨ ਨੂੰ ਸ਼ਰੇਆਮ ਆਪਣਾ 'ਲੋਹੇ ਵਰਗਾ ਭਰਾ' ਕਰਾਰ ਦਿੰਦਾ ਹੈ ਅਤੇ ਇਹ ਜੁਮਲਾ ਲੋੜੋਂ ਵੱਧ ਵਰਤੋਂ ਵਿੱਚ ਆਇਆ ਹੈ। ਉਂਝ, ਪਰਦੇ ਪਿੱਛੇ ਚੀਨ ਦੀਆਂ ਬੇਚੈਨੀਆਂ ਵਧ ਰਹੀਆਂ ਹਨ। ਇਸ ਦਾ 60 ਅਰਬ ਡਾਲਰ ਦੀ ਲਾਗਤ ਨਾਲ ਉਸਾਰਿਆ ਜਾ ਰਿਹਾ ਚੀਨ-ਪਾਕਿਸਤਾਨ ਆਰਥਿਕ ਲਾਂਘਾ (ਸੀਪੀਈਸੀ) ਗੜਬੜਜ਼ਦਾ ਖੇਤਰਾਂ 'ਚੋਂ ਗੁਜ਼ਰਦਾ ਹੈ ਅਤੇ ਇਸ ਦੀ ਹੋਣੀ ਅਮਨ 'ਤੇ ਟਿਕੀ ਹੋਈ ਹੈ। ਹਰ ਵਾਰ ਜਦੋਂ ਪਾਕਿਸਤਾਨ ਭਾਰਤ ਨਾਲ ਕੋਈ ਪੰਗਾ ਲੈਂਦਾ ਹੈ ਤਾਂ ਬਲੋਚਿਸਤਾਨ ਵਿੱਚ ਕੰਮ ਕਰਦੇ ਚੀਨੀ ਇੰਜਨੀਅਰਾਂ ਨੂੰ ਧੁੜਕੂ ਛਿੜ ਪੈਂਦਾ ਹੈ ਤੇ ਨਾਲ ਹੀ ਪੇਈਚਿੰਗ ਨੂੰ ਵੀ

ਚੀਨ ਪਾਕਿਸਤਾਨ ਦਾ ਕੂਟਨੀਤਕ ਬਚਾਅ ਕਰਦਿਆਂ ਸੰਯੁਕਤ ਰਾਸ਼ਟਰ ਦੇ ਬਿਆਨਾਂ ਨੂੰ ਪੇਤਲਾ ਪਾਉਣ, ਪਾਬੰਦੀਆਂ ਨੂੰ ਵੀਟੋ ਕਰਨ ਦਾ ਕੰਮ ਕਰਦਾ ਹੈ ਪਰ ਇਹ ਲੜਾਈ ਵਿੱਚ ਆਉਣ ਤੋਂ ਇਨਕਾਰ ਕਰ ਦਿੰਦਾ ਹੈ। ਇਸ ਦੀ ਹਮਾਇਤ ਬਾਸ਼ਰਤ, ਗਿਣੀ-ਮਿੱਥੀ ਅਤੇ ਚੁੱਪ-ਚੁਪੀਤੀ ਹੈ। 'ਲੋਹੇ ਵਰਗਾ ਭਰਾ ਕਿਸੇ ਚੁਕੰਨੇ ਨਿਵੇਸ਼ਕ ਵਾਂਗ ਹੈ ਜਿਸ ਨੂੰ ਇਹ ਫ਼ਿਕਰ ਰਹਿੰਦੀ ਹੈ ਕਿ ਕੀ ਉਸ ਦਾ ਭਿਆਲ ਜੋਖ਼ਿਮ ਲੈਣ ਦੇ ਕਾਬਿਲ ਹੈ ਜਾਂ ਨਹੀਂ?

ਕੋਈ ਸਮਾਂ ਹੁੰਦਾ ਸੀ ਜਦੋਂ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਬਿਨਾਂ ਕਿਸੇ ਹੀਲ ਹੁੱਜਤ ਤੋਂ ਪਾਕਿਸਤਾਨ ਨੂੰ ਨਕਦੀ ਫਰਾਹਮ ਕਰਵਾ ਦਿੰਦੇ ਸਨ ਪਰ ਹੁਣ ਉਹ ਰਸੀਦ ਮੰਗਣ ਲੱਗ ਪਏ ਹਨ। ਇਹ ਠੀਕ ਹੈ ਕਿ ਉਨ੍ਹਾਂ ਕੋਲ ਅਰਬਾਂ ਡਾਲਰਾਂ ਦੀਆਂ ਜਮਾਂਪੂੰਜੀਆਂ ਹਨ ਤੇ ਇਹ ਵੀ ਠੀਕ ਹੈ ਕਿ ਉਨ੍ਹਾਂ ਆਈ ਐੱਮ ਐੱਫ ਨਾਲ ਸੌਦੇਬਾਜ਼ੀ ਕਰਵਾਈ ਹੈ ਪਰ ਖਾੜੀ ਦੇ ਸ਼ਾਸਕ ਹੁਣ ਬਦਲੇ 'ਚ ਸੁਧਾਰਾਂ ਦੀ ਤਵੱਕੋ ਕਰਨ ਲੱਗ ਪਏ ਹਨ। ਇਸ ਦੇ ਨਾਲ ਹੀ ਉਹ ਭਾਰਤ ਨੂੰ ਪਾਕਿਸਤਾਨ ਵਿਰੋਧੀ ਮੁਲਕ ਵਜੋਂ ਨਹੀਂ ਦੇਖਦੇ ਸਗੋਂ ਵੱਡੀ ਮੰਡੀ, ਬੁਨਿਆਦੀ ਢਾਂਚੇ ਦੇ ਰੂਪ ਵਿੱਚ ਆਰਥਿਕ ਮੌਕੇ ਦੇ ਰੂਪ ਵਿਚ ਦੇਖਦੇ ਹਨ। ਇਸ ਲਈ ਜਦੋਂ ਪਾਕਿਸਤਾਨ ਉਨ੍ਹਾਂ ਕੋਲ ਜਾ ਕੇ ਮਦਦ ਮੰਗਦਾ ਹੈ ਤਾਂ ਉਹ ਝਟਪਟ ਭੁਗਤਾਨ ਨਹੀਂ ਕਰਦੇ ਸਗੋਂ ਲਟਕਾ ਦਿੰਦੇ ਹਨ। ਭਾਰਤ-ਪਾਕਿਸਤਾਨ ਬਿਰਤਾਂਤ ਵਿੱਚ ਤੁਸੀਂ ਅਧਿਕਾਰਤ ਤੌਰ 'ਤੇ ਇਜ਼ਰਾਈਲ ਦੀ ਚਰਚਾ ਨਹੀਂ ਸੁਣੀ ਹੋਵੇਗੀ ਪਰ ਕਸ਼ਮੀਰ ਦੇ ਅਸਮਾਨ ਤੇ ਗਹੁ ਨਾਲ ( ਦੇਖੋ ਤਾਂ ਤੁਹਾਨੂੰ ਹੈਰੋਨ ਡਰੋਨ ਨਜ਼ਰ ਆਵੇਗਾ; ਜਾਂ ਕਿਸੇ ਇਜ਼ਰਾਇਲੀ ਮੂਲ ਦੇ ਰੇਡਾਰ ਸਿਸਟਮ ਦੇ ਸਿਗਨਲ ਜੈਮ-ਦਾ ਪਤਾ ਚੱਲੇਗਾ; ਜਾਂ ਅਸਲੇ ਦੇ ਮਲਬੇ ਤੋਂ ਤੈਲ ਅਵੀਵ ਦੇ ਕਿਸੇ ਸਟਾਰਟਅੱਪ ਦੀ ਪੈੜ ਮਿਲ ਸਕਦੀ ਹੈ।

ਭਾਰਤ ਅਤੇ ਇਜ਼ਰਾਈਲ ਨੇ ਜਾਸੂਸੀ, ਸਾਇਬਰ ਯੁੱਧ ਕਲਾ ਅਤੇ ਸਮਾਰਟ ਅਸਲੇ ਦੇ ਨਿਰਮਾਣ ਵਿੱਚ ਕਾਫ਼ੀ ਜ਼ਬਰਦਸਤ ਸਾਂਝ ਭਿਆਲੀ ਪਾ ਲਈ ਹੈ। ਇਸ ਨਾਲ ਦਿੱਲੀ ਨੂੰ ਭਵਿੱਖ ਵਿੱਚ ਹੋਣ ਵਾਲੇ ਕਿਸੇ ਵੀ ਟਕਰਾਅ ਵਿੱਚ ਬੜ੍ਹਤ ਮਿਲਦੀ ਹੈ ਅਤੇ ਇਜ਼ਰਾਈਲ ਨੂੰ ਆਪਣੀਆਂ ਰੱਖਿਆ ਬਰਾਮਦਾਂ ਲਈ ਵੱਡੀ ਮੰਡੀ। ਇਹ ਐਸਾ ਰਿਸ਼ਤਾ ਹੈ ਜਿਸ ਵਿੱਚ ਸ਼ਬਦ ਬਹੁਤ ਥੋੜੇ ਹਨ ਪਰ ਤਕਨਾਲੋਜੀਆਂ ਕਈ ਹਨ।

ਜਦੋਂ ਤਣਾਅ ਵਧ ਗਿਆ ਤਾਂ ਤੁਰਕੀ ਵੀ ਬੋਲ ਪਿਆ। ਤੁਰਕੀ ਦੇ ਰਾਸ਼ਟਰਪਤੀ ਨੇ ਪਾਕਿਸਤਾਨ ਨੂੰ ਖੁੱਲ੍ਹ ਕੇ ਹਮਾਇਤ ਦੇਣ ਦਾ ਐਲਾਨ ਕੀਤਾ ਜਦੋਂਕਿ ਕਤਰ ਨੇ ਚੁੱਪ-ਚੁਪੀਤੇ ਊਰਜਾ, ਫ਼ੌਜੀ ਸਹਿਯੋਗ ਅਤੇ ਤਾਲਿਬਾਨ ਕੂਟਨੀਤੀ ਲਈ ਮੰਚ ਮੁਹੱਈਆ ਕਰਵਾਇਆ ਪਰ ਟਕਰਾਅ ਦੀ ਸੂਰਤ ਵਿੱਚ ਇਨ੍ਹਾਂ ਦਾ ਕੋਈ ਹਕੀਕੀ ਪ੍ਰਭਾਵ ਨਹੀਂ ਬਣਦਾ। ਇਨ੍ਹਾਂ ਹਮਾਇਤ ਸੰਕੇਤਕ ਅਤੇ ਨਵੇਂ ਆਰਥਿਕ ਧੁਰੇ ਦੇ ਲਿਹਾਜ਼ ਤੋਂ ਗ਼ੈਰ-ਪ੍ਰਸੰਗਕ ਹੈ। ਉਹ ਖੱਪ ਭਰਪੂਰ ਭੂ-ਰਾਜਸੀ ਓਪੇਰਾ-ਦੇ ਪਿੱਠਵਰਤੀ ਗਾਇਕ ਮਾਤਰ ਹਨ।

**ਬਾਕੀ ਸਫਾ ਨੰ 26 'ਤੇ**

# ਸਿਖ ਧਰਮ ਅਤੇ ਜੀਵ ਹਿੰਸਾ



**ਇੰਦਰ ਸਿੰਘ ਚਕ੍ਰਵਰਤੀ**

ਸਾਹਿਬ ਵਰਜਦੇ ਹੋਏ ਹਿੰਸਾ ਆਦਿ ਕੁਕਰਮਾਂ ਤੋਂ ਬਚਨ ਦੀ ਤਾੜਨਾ ਕਰਦੇ ਫੁਰਮਾਂਦੇ ਹਨ।

ਸੁਨ ਕ੍ਰੋਧਾ ਕੇ ਬਚਨ ਕ੍ਰਿਪਾਲਾ।
ਕਮਲ ਬਦਨ ਕਹਿ ਗਿਰਾ ਰਸਾਲਾ।
ਦਿਜ ਬਾਹਜ ਕੋ ਧਰਮ ਜੋ ਆਈ।
ਗਰ ਮੇ ਪਾਇ ਸੂਤ ਰਹਾਹੀ।
ਕਿਧੋਂ ਸੁਕਰਮ ਕਰੇ ਤੇ ਰਹਹੀ।
ਦਯਾ ਆਦਿ ਜੇ ਸੁਭ ਨਿਰ ਬਹਹੀ।
ਪਾਇ ਸੂਤ ਗਰ ਕਰਤ ਕੁਕਰਮਾ।
ਧਨ ਹਿਤ ਹਿੰਸਾ ਧੋਹਿ ਅਧਰਮਾ।
ਅੰਤ ਪ੍ਰਯੰਤ ਦੁਸ਼ਟਤਾ ਧਾਰੈ।
ਝੂਠ ਪਿਸਨਤਾ ਹਿਤ ਹਿਤਕਾਰੈ।
ਸੋ ਖਤ੍ਰੀ ਦਿਜ ਕਿਧੋਂ ਚੰਡਾਲਾ।
ਸਹਿਰ ਜਾਇ ਜਮ ਦੰਤ ਬਿਸਾਲਾ।

(ਨਾਨਕ ਪ੍ਰਕਾਸ਼ ਪੂਰਬਾਰਧਥ ਖੰਡ ਅਧਯਾਇ)

ਏਥੇ ਗੁਰੂ ਜੀ ਨੇ ਮਾਸ਼ ਖਾਣ ਦੇ ਲਾਲਚੀਆਂ ਨੂੰ ਚੰਗੀ ਤਰ੍ਹਾਂ ਦਸਿਆ ਏ ਕਿ ਮਾਸ ਖਾਣ ਵਾਲਾ ਬ੍ਰਾਹਮਣ ਖਤ੍ਰੀ ਜਾਂ ਭਾਵੇਂ ਕੋਈ ਵੀ ਕਿਉਂ ਨਾ ਹੋਵੇ ਲੇਖਾ ਜ਼ਰੂਰ ਦੇਣਾ ਪੈਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਰਾਖਸ਼ਾਂ ਦੀ ਧਰਤੀ ਵਿਖੇ ਚਲੇ ਗਏ। ਦੇਵ ਲੂਤ ਦਰਸ਼ਨ ਕਰਨ ਆਯਾ। ਗੁਰੂ ਜੀ ਦਾ ਪ੍ਰਤਾਪ ਦੇਖ, ਚਰਨੀ ਢਹਿ ਪਿਆ ਅਤੇ ਅਰਜ਼ ਕੀਤੀ, "ਗੁਰੂ ਜੀ ਚਲੋ ਮੰਦਰ ਮੈਂ ਬੈਠੋ ਅਰ ਰਸੋਈ ਭੋਜਨ ਕਰੋ ਤਾਂ ਗੁਰੂ ਨਾਨਕ ਜੀ ਹਸ ਕਹਿਆ, ਰਾਜਾ ਤੇਰਾ ਖਾਜ-ਅਸਾਡੇ ਕੰਮ ਨਹੀਂ ਤਾਂ ਰਾਜੇ ਕਹਿਆ ਜੀ ਤੁਸੀਂ ਆਪਣਾ ਖਾਜ ਹੀ ਖਾਓ।"

'ਤਾਂ ਫੇਰ ਗੁਰੂ ਨਾਨਕ ਕਹਿਆ ਜੇ ਰਾਜਾ ਤੂੰ ਭਲਾ ਕਰੇਂ ਤਾਂ ਏਹ ਖਾਜ ਦੇਹ।'

(ਦੇਖੋ ਜਨਮ ਸਾਖੀ ਭਾਈ ਬਾਲਾ ਪੰਨਾ ੯੯)

ਏਸੇ ਸਾਖੀ ਨੂੰ ਵਰਨਨ ਕਰਦੇ ਹੋਏ ਭਾਈ ਮਨੀ ਸਿੰਘ ਜੀ ਲਿਖਦੇ ਹਨ ਕਿ ਗੁਰੂ ਨਾਨਕ ਜੀ ਰਾਖਸ਼ਾਂ ਨੂੰ ਮਿਲੇ ਤੇ ਓਨਾਂ ਅਰਜ਼ ਕੀਤੀ, "ਜੀ ਸੋ ਅਸਾਨੂੰ ਤੁਸੀਂ ਕੋਈ ਐਸਾ ਉਪਦੇਸ ਦੇਵੋ, ਜੋ ਸਾਡੀ ਰਾਖਸ਼ ਜੂਨ ਕਟੀਏ। ਤਾਂ ਬਚਨ ਹੋਇਆ ਕਿ ਤੁਸਾਂ ਸਤਿਨਾਮ ਦਾ ਜਾਪ ਜਪਣਾ..... ਕੰਦ ਮੂਲ ਦੇ ਅਹਾਰ ਤੋਂ ਬਿਨਾਂ ਹੋਰ ਅਹਾਰ ਨ ਕਰਨਾ।

(ਜਨਮ ਸਾਖੀ ਭਾਈ ਮਨੀ ਸਿੰਘ ਜੀ ਪੰਨਾ ੨੧੪)

ਏਸੇ ਪ੍ਰਸੰਗ ਨੂੰ ਸ੍ਰੀ ਮਾਨ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਨਾਨਕ ਪ੍ਰਕਾਸ਼ ਵਿਚ ਚੰਗੀ ਤਰ੍ਹਾਂ ਖੋਹਲ ਕੇ ਵਰਨਨ ਕੀਤਾ ਏ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇਵ ਲੂਤ ਨੂੰ ਮਿਲੇ ਤੇ ਉਸਨੇ ਪ੍ਰਸ਼ਾਦ ਛੱਕਣ ਲਈ ਅਰਜ਼ ਕੀਤੀ :-

ਕਰਹੁ ਰਸੋਈ ਸੰਤ ਜੀ, ਭੋਜਨ ਅਚਹੁ ਬਨਾਇ।
ਸਰਧਾ ਪੂਰਨ ਕੀਜੀਏ ਸੁਨ ਸ੍ਰੀ ਗੁਰੂ ਅਲਾਇ।

"ਸ਼ੁਭ ਉਪਦੇਸ਼ ਜਿ ਲੇਹੁ ਹਮਾਰਾ। ਅਸਨ ਕਰੈਂ ਅਬ ਅੰਗੀਕਾਰਾ।

ਅੰਨਯੋ ਨਹਿ ਤੁਮਰੇ ਖਾਇੰ ਕਦਾਪੀ।
ਹੇ ਸਭ ਜੀਵਨ ਕੇ ਸੰਤਾਪੀ।
ਦੇਵਲੂਤ ਕਹਿ ਜਿਹ ਬਿਧ ਕਹਿ ਹੋਂ।
ਸ੍ਰੀ ਪ੍ਰਭੁ ਜੀ ਤਿਸ ਬਿਧ ਮੈਂ ਰਹਿਹੋਂ।
ਕਰਹੁ ਆਪ ਉਪਦੇਸਹਿ ਜੋਈ।
ਸੁਨ ਕਰ ਕਰੋਂ ਕ੍ਰਿਤ ਮੈ ਸੋਈ।
ਅਨੁਸਾਰ ਪਿਖਿਓ ਗੁਨ ਖਾਨੀ।
ਕਮਤਿ ਕਦਨ ਕੋ ਬੋਲੇ ਬਾਨੀ।
ਪ੍ਰਿਥਮ ਤਜਹ ਆਮਿਖ ਕੋ ਖਾਨਾ।
ਕਰਹੁ ਜਾਸ ਹਿਤ ਜੀਵਨ ਹਾਨਾ।

ਸਿਮਰਹੁ ਬਹੁਰ ਨਾਮ ਸੁਖ ਪਾਈ।
ਤ੍ਰੈ ਲੋਕਨ ਜੋ ਹੋਤ ਸਹਾਈ।
ਕੇਤਕ ਦਿਨ ਤਹਿ ਰਹੇ ਗੁਸਾਂਈ।
ਗੁਰ ਸਿਖੀ ਕੀ ਰੀਤ ਚਲਾਈ।
ਸਭ ਰਾਖਸ਼ ਕੋ ਨਾਮ ਜਪਾਇਓ।
ਆਮਿਖ ਖਾਨ ਤਿਨਹ ਤਜਵਾਯੋ।
ਜੀਅ ਘਾਤ ਕੀ ਬਾਨ ਬਿਸਾਰੀ।
ਸਤ ਸੰਗਤ ਕਰ ਹੀ ਸੁਖ ਬਾਰੀ।
ਭੇ ਤਿਆਰ ਜਬ ਚਲਨੇ ਹੇਤਾ।
ਭਨਤ ਭਏ ਬੇਦੀ ਕੁਲ ਕੀਤਾ।
ਸੁਰਧ ਸੈਨ ਜੋ ਭੂਪ ਮਹਾਨਾ।
ਦੇਵਲੁਤ ਮਾਨਹੁ ਤਿਹ ਆਨਾ
ਹਿੰਸਾ ਨਹੀਂ ਜੀਵ ਕੀ ਕੀਜੈ।
ਸਤਿਗੁਰੂ ਜਾਪ ਜਪਹੁ ਦੁਖ ਛੀਜੈ।

ਏਨ੍ਹਾਂ ਪ੍ਰਸੰਗਾਂ ਤੋਂ ਚੰਗੀ ਤਰ੍ਹਾਂ ਵਿਦਯਤ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਅਹਿੰਸਾ ਦੇ ਕੇਡੇ ਪ੍ਰਚਾਰਕ ਤੇ ਹਿੰਸਾ ਵਿਰੋਧੀ ਸਨ। ਜਿਸ ਦਾ ਅਸਰ ਆਪ ਜੀ ਦੇ ਸਾਹਬ ਜ਼ਾਦਿਆਂ ਤੇ ਦਿਲ ਉੱਤੇ ਚੰਗੀ ਤਾਂ ਜੰਮ ਚੁੱਕਾ ਸੀ। ਸ੍ਰੀ ਲਖਮੀ ਚੰਦ ਜੀ ਦਾ ਪ੍ਰਲੋਕ ਗਵਨ ਕੇਵਲ ਜੀਵ ਹਿੰਸਾ ਕਰਨ ਕਰਕੇ ਹੀ ਹੋਯਾ ਲਿਖਯਾ ਹੈ:-

੧੬੧੨ ਸੰਬਤ ਮੇਂ ਲਖਮੀ ਚੰਦ ਜੀ ਸ਼ਿਕਾਰ ਖੇਲਨੇ ਗਏ ਸਸਾ (ਸਹਿਆ-ਖਰਗੋਸ਼) ਮਾਰ ਲਿਯਾਏ। ਸ੍ਰੀ ਚੰਦ ਜੀ ਨੇ ਦੇਖ ਕੇ ਕਿਹਾ ਇਸ ਦਾ ਹਸਾਬ ਦੇਨਾ ਪੜੇਗਾ। ਗੁਰੂ ਨਾਨਕ ਜੀ ਕੇ ਘਰ ਮੇਂ ਜਨਮ ਲੈ ਐਸਾ ਕਰਮ ਕਿਉਂ ਕੀਆ। ਲਖਮੀ ਚੰਦ ਜੀ ਨੇ ਕਹਿਆ ਪਹਿਲਾ ਹਸਾਬ ਹੀ ਪੂਰਾ ਕਰ ਆਵੇਂ। ਮੁਹਮੰਦ ਕੀ ਤਰਹ ਘੋੜੇ ਚੜੇ ਹੀ ਅਕਾਸ ਮਾਰਗ ਮੇਂ ਚਲੇ ਗਏ?

(ਦੇਖ ਸ੍ਰੀ ਗੁਰੂ ਤੀਰਥ ਸੰਗ੍ਰਹ ਪੰਡਤ ਤਾਰਾ ਸਿੰਘ ਜੀ ਲਿਖਤ ਪੰਨਾ ੧੭੨)

ਪਾਠਕ ! ਜੇ ਗੁਰੂ ਘਰ ਵਿਚ ਮਾਸ ਖਾਣ ਦੀ ਆਗਯਾ ਹੁੰਦੀ ਤਾਂ ਬਾਬਾ ਸ੍ਰੀ ਚੰਦ ਜੀ ਮਹਾਰਾਜ ਏਹ ਕਦੀ ਨਾ ਆਖਦੇ ਕਿ ਇਸਕਾ ਹਿਸਾਬ ਦੇਨਾ ਪੜੇਗਾ, ਗੁਰੂ ਨਾਨਕ ਜੀ ਕੇ ਘਰ ਮੇਂ ਜਨਮ ਲੈ ਐਸਾ ਕਰਮ ਕਿਉਂ ਕੀਆ" ਅਤੇ ਨਾ ਹੀ ਸ੍ਰੀ ਬਾਬਾ ਲਛਮੀਂ ਚੰਦ ਜੀ ਪ੍ਰਲੋਕ ਯਾਤਰਾ ਕਰਦੇ, ਗੁਰੂ ਘਰ ਵਿਚ ਕਿਤੇ ਵੀ ਮਾਸ਼ ਖਾਣ ਦੀ ਆਗਿਆ ਨਹੀਂ ਅਤੇ ਨਾ ਕਦੇ ਕਿਸੇ ਗੁਰੂ ਨੇ ਕਦੀ ਕੋਈ ਹਿੰਸਾ ਆਦਿ ਕਰਮ ਕਰਨ ਵਾਲੇ ਨੂੰ ਕਿਹਾ ਏ ਕਿ ਤੂੰ ਬੜਾ ਚੰਗਾ ਕੰਮ ਕੀਤਾ ਏ, ਸਗੋਂ ਕਰਨ ਵਾਲਿਆਂ ਨੂੰ ਹਟਕਦੇ ਜਰੂਰ ਰਹੇ ਹਨ। ਜਿਸਦੇ ਅਨੇਕ ਉਦਾਹਰਨ ਸਿੱਖ ਇਤਹਾਸ ਵਿਚ ਭਰੇ ਪਏ ਹਨ। ਦੇਖੋ ਸ੍ਰੀ ਗੁਰੂ ਅਗੰਦ ਜੀ ਮਹਾਰਾਜ ਆਪਣੇ ਸਿੱਖ ਸ਼ੀਂਹੇਂ ਨੂੰ ਜੀਵ ਹਿੰਸਾ ਨਾ ਕਰਨ ਲਈ ਉਪਦੇਸ਼ ਦਿੰਦੇ ਹੋਏ ਉਸ ਕੋਲੋਂ ਪੁਤ੍ਰ ਦੀਆਂ ਰੀਤਾਂ ਕਰਨ ਸਮੇਂ ਮਾਰਨ ਲਈ ਆਂਦੇ ਹੋਏ ਬਕਰੇ ਛੁਡਾ ਕੇ ਅਹਿੰਸਾ ਦੀ ਵਿਤ੍ਰ ਮਿਸਾਲ ਕਾਇਮ ਕਰਦੇ ਹਨ:-

"ਸਹਜ ਸੁਭਾਇਕ ਆਵਤ ਚਲੇ,
ਪਗ ਮਹਿ ਸੀਹਾਂ ਉਪਲ ਮਿਲੈ।
ਦੇਖਤ ਹੀ ਪਗ ਬੰਦਨ ਕਰੀ।
ਭਯੋ ਨੰਮ੍ਰ ਉਰ ਸਰਧਾ ਧਰੀ।
ਇਕ ਸੌ ਛਾਂਗ (ਬਕਰੇ) ਸੰਗ ਤਿਹ ਅਹੇ।
ਤਿਨ ਕਹੁ ਦੇਖ ਗੁਰ ਬਚ ਕਹੇ।
ਭੋ ! ਸੀਹਾਂ ਇਹ ਕਿਤ ਤੇ ਲਿਆਇ।
ਕਿਉਂ ਕੀਨਸ ਇਨ ਕੋ ਸਮੁਦਾਇ।
ਸੁਨ ਕਰ ਜੋਰ ਕਹਯੋ ਬਿਰਤੰਤ,
ਹਾਂ ਸ੍ਰੀ ਸਤਿਗੁਰੂ ਜੀ ਭਗਵੰਤ
ਮੋਹਿ ਪੁਤ੍ਰ ਕੋ ਮੁੰਡਨ ਅਹੈ,
ਬਡ ਉਤਸ਼ਾਹ ਕਰਯੋ ਮਮ ਚਹੈ।
ਹਮਰੀ ਕੁਲ ਸਭ ਇਕਠੀ ਹੋਇ,
ਬਡੇ ਹਮਾਰਨ ਕੀ ਬਿਧਿ ਸੋਇ।
ਇਸ ਬਿਧ ਕਰਨ ਅਹੈ ਬਿਵਹਾਰ,
ਆਵਹਿ ਆਮਿਖ ਕਰਹਿ ਅਹਾਰ।
ਸਦਾ ਜਠੇਰਨ ਰੀਤ ਹਮਾਰੇ,
ਓਦਿਨ ਆਮਿਖ ਦੇਹਿ ਅਹਾਰੇ।
ਖੁਸ਼ੀ ਅਨੇਕ ਪ੍ਰਕਾਰਨ ਹੋਇ,
ਹੋਹਿ ਮੇਲ ਕੁਲ ਕੇ ਸਭ ਕੋਇ।
ਸੁਨਕਰ ਬਿਕਸੇ ਗੁਰੂ ਕ੍ਰਿਪਾਲਾ,
ਭਲੋ ਕਰਨ ਹਿਤ ਕਹਿ ਤਿਸਕਾਲਾ।
ਇਤਨੇ ਜੀਵ ਹਿੰਸਾ ਕਰੇ,
ਪਾਪ ਬਿਸਾਲ ਆਪਨ ਸਿਰ ਧਰੈ।
ਅਬ ਤੋ ਸੁਗਮ ਜਾਨੀਅਹਿ ਕਰਬੋ,
ਅੰਤ ਮਹਾਂ ਦੁਖ ਨਰਕਨ ਪਰਬੋ।
ਦੇਹ ਸਾਸਨਾ ਜਮਕੇ ਦੂਤ,
ਤਹਾਂ ਨ ਪਹੁੰਚੈ ਬੰਧਪ ਪੂਤ।
ਜਿਨਕੇ ਹਿਤ ਅਘ ਕਰਮ ਕਮਾਇ,
ਤਹਾ ਨ ਰੰਚਕ ਹੋਇ ਸਹਾਇ।

ਸੁਖ ਭੋਗਨ ਗੇ ਸਗਰੇ ਲੋਕ,
ਅਪਦਾ ਪਰਹਿ ਤੋਹਿ ਬਡ ਸੋਕ।
ਧਰਮਰਾਇ ਜਬ ਕਰ ਹੈ ਲੇਖਾ,
ਲਹੈ ਮਹਾਂ ਦੁਖ ਰਹੈ ਨ ਸੇਖਾ।

(ਦੇਖੋ ਗੁਰੂ ਪ੍ਰਤਾਪ ਸੂਰਜ ਰਾਸ ੧ ਅੱਸੂ ੨੬)

ਏਸੇ ਪ੍ਰਸੰਗ ਨੂੰ ਸ੍ਰੀ ਮਾਨ ਗਯਾਨੀ ਗਯਾਨ ਸਿੰਘ ਜੀ ਤਾਰੀਖ ਗੁਰੂ ਖਾਲਸਾ ਵਿਚ ਇੰਞ ਵਰਨਨ ਕਰਦੇ ਹਨ।

ਇਹਨੀ ਦਿਨੀਂ ਸੀਹਾਂ ਰਾਮ ਉਪਲ ਖਤਰੀ ਬਕਰੇ ਲੈ ਕੇ ਗੁਰੂ ਹਜ਼ੂਰ ਆਯਾ, ਤੇ ਅਰਜ਼ ਕੀਤੀ ਕਿ ਮੇਰੇ ਪੁਤ੍ਰ ਦੇ ਮੁੰਡਨ ਤੇ ਜਨੇਉ ਸੇ। ਏਸ ਆਪਣੇ ਰਿਵਾਜ ਦੇ ਮੂਜਬ ਬ੍ਰਾਹਮਣਾਂ ਦੇ ਕਹੇ ਅਨੁਸਾਰ ਏਹ ਬਕਰੇ ਬਲੀ ਵਾਸਤੇ ਲਿਆਇਆ ਹਾਂ ਤਾਂ ਕਿ ਕਾਰਜ ਨਿਰਵਿਘਨ ਸਮਾਪਤ ਹੋਵੇ। ਗੁਰੂ ਜੀ ਨੇ ਆਖਿਆ ਕਿਸੇ ਦਾ ਬੁਰਾ ਕਰਕੇ ਆਪਣਾਂ ਭਲਾ ਮੰਗਣਾਂ ਏਹ ਭਾਰੀ ਪਾਪ ਹੈ, ਏਸਦਾ ਲੇਖਾ ਦੇਣਾਂ ਪਏਗਾ। ਯਥਾ:- ਮਹਾਰਾਜ ਜੀ ਦਾ ਵਾਕ ਹੈ:-

ਨਾਨਕ ਆਖੈ ਰੇ ਮਨਾ ਸੁਣੀਐ ਸਿਖ ਸਹੀ।
ਲੇਖਾ ਰਬ ਮੰਗੇਸੀਆ ਬੈਠਾ ਕਢ ਵਹੀ।
ਤਲਬਾਂ ਪਉਸਨ ਆਕੀਆ ਬਾਕੀ ਜਿਨਾਂ ਰਹੀ।
ਅਜਰਾਈਲ ਫਰੇਸਤਾ ਹੋਸੀ ਆਇ ਤਈ।
ਕੂੜਿ ਨਿਖੁਟੇ ਨਾਨਕਾ ਓੜਕ ਸਚ ਸਹੀ।

ਤਾਂ ਤੇ ਮਾਸ ਨ ਛੱਡੋ ਤੇ ਸਿਖਾਂ ਸਾਧਾਂ ਗ੍ਰੀਬਾਂ ਨੂੰ ਪ੍ਰਸ਼ਾਦ ਛਕਾਓ। ਸ਼ਬਦ ਕੀਰਤਨ ਦਾ ਉਚਾਰ ਕਰਾਓ ਸਭ ਕਾਰਜ ਰਾਸ ਹੋਣਗੇ।

ਅਜੇ ਵੀ ਜੇਹੜੇ ਸੱਜਨ ਮਾਸ ਖਾਣ ਦਾ ਰੌਲਾ ਪਾਈ ਜਾਂਦੇ ਹਨ ਅਤੇ ਗੁਰੂ ਸਾਹਬਾਂ ਦੇ ਜੁਮੇ ਵੀ ਭਾਰ ਚੜ੍ਹੋਣੋਂ ਨਹੀਂ ਹਟਦੇ। ਸਵਾਇ ਹਠ ਧਰਮੀ ਦੇ ਓਹਨਾਂ ਦੇ ਪਲੇ ਹੋਰ ਹੈ ਹੀ ਕੀ ?

ਪਯਾਰੇ ਸਜਨੋਂ! ਭੁਲੇਖਾ ਨਾ ਖਾਓ ਛਡੋ ਜੀਭਾ ਦੇ ਸਵਾਦ ਨੂੰ, ਨਹੀਂ ਤੇ ਯਾਦ ਰਖੋ ਇਸ ਪਾਪ ਦਾ ਫਲ ਅਵਸ਼ ਭੋਗਨਾ ਪਵੇਗਾ- ਲੇਖਾ ਦੇਣਾਂ ਪਵੇਗਾ। ਜਿਸਨੋ ਕੋਈ ਮਾਰਸੀ ਸੋਭੀ ਮਾਰਨ ਹਾਰ। ਦਰਗਹ ਲੇਖਾ ਨਿਬੜੈ ਛੁਟੈ ਕਿਵੇਂ ਨਾ ਯਾਰ।

ਪਿਆਰੇ ਪਾਠਕੋ ! ਆਪ ਨੇ ਇਸ ਪ੍ਰਕਰਨ ਨੂੰ ਵਿਚਾਰ ਪੂਰਬਕ ਪੜ੍ਹਨਾ ਅਤੇ ਫੇਰ ਠੰਡੇ ਦਿਲ ਨਾਲ ਸੋਚਣਾ, ਗਯਾਨ ਚਖ ਖੋਲ੍ਹਕੇ ਤੱਕਣਾ ਕਿ ਸਿੱਖ ਧਰਮ ਅੰਦਰ ਜੀਵ ਹਿੰਸਾ ਦੀ ਆਗਿਆ ਹੈ ? ਉਤਰ ਮਿਲੇਗਾ, ਨਹੀਂ ! ਹਰਗਿਜ਼ ਨਹੀਂ!!

ਹਿੰਸਾ ਦੇ ਕੰਮ ਦ੍ਰਿਸ਼ ਨਾ ਕੋਈ। ਅਗੇ ਜਿਉਂ ਰਾਵਰ ਇਛ ਹੋਈ। ਤਥਾ ਕਰਹੁ ਮਨ ਸਮਝ ਬਿਚਾਰਹੁ। ਮਮ ਬਚ ਭਲੋ ਬੁਰੋ ਨਿਰਧਾਰਹੁ।

(ਸੂਰਜ ਪ੍ਰਕਾਸ਼ ਰੁਤ ੩ ਅੱਸੂ ਪੰਨਾ ੨੪)

ਖ਼ੂਬ ਖਾਨਾ ਖੀਚਰੀ ਜਾਮਹਿ ਅੰਮ੍ਰਿਤ ਲੋਨ।
ਹੇਰਾ ਰੋਟੀ ਕਾਰਨੇ ਗਲਾ ਕਟਾਵੇ ਕੌਨ।

ਹੁਣ ਅਸੀਂ ਪਾਠਕਾਂ ਦੀ ਸੇਵਾ ਵਿਚ ਨਿਮਰਤਾ ਨਾਲ ਅਰਜ਼ ਕਰਦੇ ਹੋਏ ਗਯਾਨੀ ਜੀ ਦਾ ਇਹ ਵਾਕ ਲਿਖਕੇ ਇਸ ਪ੍ਰਕਰਨ ਨੂੰ ਖਤਮ ਕਰਦੇ ਹਾਂ-

ਗਰਜੀ ਹੈ ਅਰਜੀ ਗੁਜ਼ਾਰੀ ਮੈ ਫਰਜ਼ ਲਖ,
ਮਰਜ਼ੀ ਤਿਹਾਰੀ ਆਗੇ ਮਾਨੋ ਨਾਹਿ ਮਾਨੋ।

..........................................................

## ਬਾਬਾ ਹਰਨਾਮ ਸਿੰਘ ਗੜ੍ਹਦੀਵਾਲਾ ਜੀ...

ਇਸ ਗੁਰਦੁਆਰਾ ਦਾ ਨਾਮ ਬਾਬਾ ਗੋਬਿੰਦ ਰਾਮ ਜੀ ਦੇ ਨਾਮ ਤੇ ਪ੍ਰਸਿੱਧ ਹੋਇਆ ਸੀ। ਬਾਬਾ ਗੋਬਿੰਦ ਰਾਮ ਜੀ ਦੇ ਨਾਮ ਬਾਬਾ ਹਰਨਾਮ ਸਿੰਘ, ਸਤਿਗੁਰੂ ਰਾਮ ਸਿੰਘ ਜੀ ਨੇ ਰੱਖਿਆ ਸੀ। ਪਹਿਲਾਂ ਇਥੇ ਸੰਤ ਮੋਹਨ ਸਿੰਘ ਨਿਰਮਲੇ ਸੰਤਾਂ ਦਾ ਕੱਚਾ ਡੇਰਾ ਹੁੰਦਾ ਸੀ ਦੋ ਕਮਰੇ ਕੱਚੇ ਕਮਰੇ ਸਨ, ਇਕ ਕਮਰੇ ਵਿਚ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ ਹੁੰਦਾ ਸੀ ਅਤੇ ਦੂਜੇ ਕਮਰੇ ਵਿਚ ਸ੍ਰੀ ਰਹਾਇਸ਼ ਕੀਤੀ ਜਾਂਦੀ ਸੀ। ਜਿਥੇ ਅੱਜ ਕੱਲ੍ਹ ਕਾਦੀਆਨੀ ਮੁਸਲਮਾਨਾਂ ਦੀ ਜਲਸਾਗਾ ਹੈ ਉਥੇ ਉਸ ਸਮੇਂ ਬਹੁਤ ਵੱਡਾ ਬੋਹੜ ਸੀ, ਉਥੇ ਸਤਿਗੁਰੂ ਜੀ ਨੇ ਦੀਵਾਨ ਲਗਾਏ ਹਨ। ਸਤਿਗੁਰੂ ਜੀ ਦਾ ਲੰਗਰ ਗੁਲਾਬ ਸਿੰਘ ਬੇਦੀ ਦੇ ਘਰ ਹੁੰਦਾ ਰਿਹਾ।

ਲੰਗਰ ਹਾਲ ਵਾਲੀ ਜਗ੍ਹਾ ਸਥਾਨ ਤੇ ਬਾਬਾ ਹਰਨਾਮ ਸਿੰਘ ਜੀ ਕਾਫੀ ਸਮਾਂ ਰਹਿ ਕੇ ਤਪ ਕਰਦੇ ਰਹੇ। ਇਥੋਂ ਹੀ ਫਿਰ ਆਪ ਜੀ ਗੜ੍ਹਦੀਵਾਲਾ ਗਏ ਸਨ। ਸੋ ਉਪਰੋਕਤ ਸਾਰੀ ਚਰਚਾ ਦਾ ਇਹੋ ਸਿੱਟਾ ਨਿਕਲਦਾ ਹੈ ਕਿ ਨਾਂਹ ਤਾਂ ਬਾਬਾ ਹਰਨਾਮ ਸਿੰਘ ਜੀ ਨੇ ਅੰਮ੍ਰਿਤ ਦੀ ਦਾਤ, ਸਤਿਗੁਰੂ ਰਾਮ ਸਿੰਘ ਜੀ ਤੋਂ ਤਲਵੰਡੀ ਸਾਬੋ ਜਾ ਕੇ ਪ੍ਰਾਪਤ ਕੀਤੀ ਸੀ ਅਤੇ ਨਾਂਹ ਹੀ ਉਨ੍ਹਾਂ ਨੇ ਸ੍ਰੀ ਭੈਣੀ ਸਾਹਿਬ ਪ੍ਰਾਪਤ ਕੀਤੀ ਸੀ। ਉਨ੍ਹਾਂ ਨੇ ਲਗਭਗ 1868 ਈ. ਵਿਚ ਸਤਿਗੁਰੂ ਰਾਮ ਸਿੰਘ ਤੋਂ ਅੰਮ੍ਰਿਤ ਦੀ ਦਾਤ ਕਾਦੀਆਂ ਵਿਖੇ ਪ੍ਰਾਪਤ ਕੀਤੀ ਸੀ ਅਤੇ ਗੁਰਦੁਆਰਾ ਗੋਬਿੰਦਗੜ੍ਹ ਵਿਖੇ ਉਨ੍ਹਾਂ ਨੇ ਤਪ ਕੀਤਾ ਸੀ, ਉਥੋਂ ਫਿਰ ਡੇਰਾ ਭਟੀਆਂ ਅਤੇ ਗੜ੍ਹਦੀਵਾਲਾ ਚਲੇ ਗਏ ਸਨ।

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਇਸਦੇ ਨਾਲ ਹੀ ਜਦ ਮੈਂ ਪੁਛਿਆ ਕਿ ਸ੍ਰੀ ਭੈਣੀ ਸਾਹਿਬ ਵਿਖੇ ਸੂਬਾ ਉਦੈ ਸਿੰਘ ਦੀ ਤਾਂ ਮੁੰਤਜਿੰਮ ਕੌਣ ਹੈ ਤਾ ਅੱਗੋ ਉੱਤਰ ਮਿਲਿਆ ਕਿ ਸੂਬਾ ਜੀ ਵਰਗਾ ਹੀ ਇੱਕ ਹੋਰ ਸੂਬਾ ਜੋ ਪਿਛਲੀ ਮਹੀਨੀਂ ਹੀ ਸੂਬਾ ਥਾਪਿਆ ਗਿਆ ਸੀ। ਸੂਬਾ ਅਵਤਾਰ ਸਿੰਘ ਜੀ ਢਿੱਲਵਾਂ ਜੋ ਸੂਬਾ ਉਦੈ ਸਿੰਘ ਜੀ ਵਾਂਗ ਬੀਬੇ, ਸੂਝਵਾਨ ਤੇ ਸ਼ਰਧਾਵਾਨ ਸੇਵਕ ਹਨ। ਜਦੋਂ ਅਸੀਂ 20 ਮਿੰਟ ਬਾਅਦ ਪੌੜੀਆਂ ਉੱਤਰੇ ਤਾਂ ਹੇਠਲੇ ਵੱਡੇ ਹਾਲ ਵਿੱਚ ਅਜੇ ਵੀ ਸਤਿਗੁਰੂ ਜੀ ਦੀ ਕਿਸੇ ਨਾਲ ਗੱਲ- ਬਾਤ ਚੱਲ ਰਹੀ ਸੀ। ਦਰਸ਼ਨਾਰਥੀ ਸਿੰਘ ਅਤੇ ਸਿੰਘਣੀਆਂ ਬੰਦ ਬੂਹਿਆਂ ਦੇ ਬਾਹਰ, ਵਰਾਂਡਿਆਂ ਵਿੱਚ ਇਕੱਤਰ ਹੋ ਗਏ।

25 ਮਿੰਟ ਬਾਅਦ ਸਤਿਗੁਰੂ ਜੀ ਦੀ ਪੌੜੀਆਂ ਦੇ ਨਾਲ ਬੂਹਿਉਂ ਨਿਕਲ ਤਨਜ਼ ਪ੍ਰੀਆਂ ਵਿੱਚ ਹਵਾਸ਼ੀ ਦੇ ਆਖੇ ਬੋਲਾਂ- ਚਲੋ ਕਵੀ ਜੀ ਨੂੰ ਦੁਹਰਾਕੇ ਪੌੜੀਆਂ ਚੜ੍ਹ ਗਏ। ਦੂਜੇ ਬੂਹੇ ਵਿੱਚੋਂ ਸ. ਹੰਸਪਾਲ ਨਾਲ ਸ. ਰਾਜਿੰਦਰ ਸਿੰਘ ਭਾਟੀਆ ਸੰਪਾਦਕ 'ਕੌਮੀ ਏਕਤਾ' ਬਾਹਰ ਆਇਆ। ਕਾਲੀ ਪੱਗ ਬੱਧੀ, ਕਾਲੀ ਦਾੜੀ ਦੇ ਦਰਮਿਆਨ ਥੋੜੇ ਜਿਹੇ ਵਾਲ ਚਿੱਟੇ। ਹੰਸਪਾਲ ਜੀ ਨੇ ਮੇਰੇ ਬਾਰੇ ਦੱਸਿਆ- ਉਹ ਘਮੰਡ ਪੁਣੇ ਲਹਿਜੇ ਵਿੱਚ ਬੋਲਿਆ- ਮੈਂ ਸਤਿ ਸ੍ਰੀ ਅਕਾਲ ਬੁਲਾ ਲਈ ਸੀ। ਮੇਰੀ ਇਸ ਬਾਰੇ ਏਨੀ ਹੀ ਟਿੱਪਣੀ ਸੀ। ਆਪ ਨੂੰ ਨ ਚਾਹੇ, ਉਹਦੇ ਬਾਪ ਨੂੰ ਨਾ ਚਾਹੀਏ। ਪੌਣਾ ਘੰਟਾ ਸਤਿਗੁਰੂ ਜੀ ਨਾਲ ਚਰਚਾ ਵਿੱਚ, ਇਹ ਕਿਵੇਂ ਹੋ ਸਕਦਾ ਹੈ ਕਿ ਪੰਜਾਬ ਦੇ ਹਾਲਾਤ ਤੇ ਭਾਟੀਆ ਨੇ ਨੇੜੇ ਦੀ ਜਾਣਕਾਰੀ ਨਾ ਦਿੱਤੀ ਹੋਵੇ। ਜੇ ਕੋਲ ਹੁੰਦਾ ਤਾਂ ਲੱਭਦਾ ਕੌਣ ਕਿੱਥੇ ਬੋਲ ਰਿਹਾ ਹੈ। ਮੇਰੇ ਖਿਆਲਾਂ ਵਿੱਚ ਇਹੋ ਹੀ ਵਧੇਰੇ ਲੰਮੀ ਬੈਠਕ ਸੀ।

9 ਵਜੇ ਰਾਤ ਤੱਕ ਮੈਂ ਘਰ ਪਹੁੰਚ ਸਕਿਆ।

ਏਥੇ ਮੈਨੂੰ ਪਰਵਾਰ ਨੇ ਦੁਹਾਂ ਅਖਬਾਰਾਂ ਦੀ ਕਟਿੰਗ ਦਿੱਤੀ- ਇੱਕ ਦਾ ਨਾਮ ਸੀ ਸਵਦੇਸ਼ (16.12.86) ਅਤੇ ਦੂਜੀ ਕੋਈ ਅੰਗਰੇਜੀ (18.12.86) ਅਖਬਾਰ ਸੀ। ਇਹਨਾਂ ਦੁਹਾਂ ਅਖਬਾਰਾਂ ਵਿੱਚ ਸੂਬਾ ਰਤਨ ਸਿੰਘ ਦੇ ਪੋਤਰੇ, ਸ. ਮਨਮੋਹਨ ਸਿੰਘ ਦੇ ਪੁੱਤਰ ਹਰਪ੍ਰੀਤ ਸਿੰਘ ਦੀ ਫੋਟੋ ਦੇ ਕੇ ਉਹਦੀ ਤਾਨਸੇਨ ਦੇ ਪਿੰਡ 'ਬੇਹਤ' ਗਵਾਲੀਅਰ ਵਿਖੇ ਤਾਨਸੇਨ ਦੇ ਨਾਮ ਹੇਠ ਮਨਾਏ ਗਏ ਸੰਗੀਤ ਸੰਮੇਲਨ ਵਿੱਚ ਸੁੰਦਰ ਤਬਲਾ ਵਾਦਨ ਦੀ ਚਰਚਾ ਸੀ। ਨਾਮਧਾਰੀ ਦਸਤਾਰ ਨਾਲ ਸਜਦਾ ਬੜੇ ਵਿਸ਼ਵਾਸ਼ ਨਾਲ ਤਬਲਾ ਵਜਾ ਰਿਹਾ ਸੀ ।

**20 ਅਪਰੈਲ, 1987, ਸੋਮਵਾਰ**

**ਨਵੀਂ ਦਿੱਲੀ**

ਸ. ਅਮਰ ਸਿੰਘ ਨਿਰਮਾਣ ਦੇ ਨਾਮ ਨਾਲ ਛਪਿਆ ਇੱਕ ਸੁੰਦਰ ਕਾਰਡ ਸਾਡੇ ਘਰ ਆਇਆ ਸੀ ਜਿਸ ਦੇ ਵਿੱਚ ਨਿਮੰਤਰਣ ਦਿੱਤਾ ਗਿਆ ਸੀ ਕਿ ਅੱਜ ਦੇ ਦਿਨ ਸਵੇਰੇ ਉਹਨਾਂ ਦੇ ਘਰ ਆਸਾ ਦੀ ਵਾਰ ਦੇ ਕੀਰਤਨ, ਅਖੰਡ ਪਾਠ ਦੇ ਭੋਗ ਸਮੇਂ ਆ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ। ਅਸੀਂ ਦੋਵੇਂ ਜੀ ਅੰਮ੍ਰਿਤ ਵੇਲੇ ਇਸ਼ਨਾਨ ਕਰਕੇ ਨਵੀਂ ਬਣੀ ਸੁੰਦਰ ਕੋਠੀ, ਬਾਲੀ ਨਗਰ ਵਿਖੇ ਪਹੁੰਚੇ ਤਾਂ ਘੁੱਲਾ, ਖਜ਼ਾਨ ਸਿੰਘ ਦੀਆਂ ਆਸਾ ਦੇ ਵਾਰ ਦੇ ਕੀਰਤਨ ਦੀਆਂ ਹੀਏ-ਹੁਲਸਾਊ ਸੁਰਾਂ ਸਪੀਕਰ ਦੁਆਰਾ ਵਾਯੂ-ਮੰਡਲ ਵਿੱਚ ਛਾਈਆਂ ਹੋਈਆਂ ਸਨ। ਸੜਕ ਮੱਲੀ ਖਲੋਤੇ ਸੁੰਦਰ ਪੰਡਾਲ ਤੋਂ ਇਲਾਵਾ ਵਿਸ਼ਾਲ ਕੋਠੀ ਅਤੇ ਵਰਾਂਡੇ ਵਿੱਚ ਸੰਗਤ ਹੀ ਸੰਗਤ ਸੀ। ਸਵੇਰੇ 1000 ਨਰ ਨਾਰੀ ਦਾ ਇਕੱਠ ਸ੍ਰੀ ਸਤਿਗੁਰੂ ਜੀ ਦੇ ਦਰਸ਼ਨਾ ਦਾ ਹੀ ਚਮਤਕਾਰ

ਸੀ। ਦਿੱਲੀ ਦੇ ਹਰ ਕੋਨੇ ਵਿੱਚੋਂ ਇਸ ਕੋਠੀ ਦੇ ਉਦਘਾਟਨ ਲਈ ਪਹੁੰਚੇ ਸਨ। ਗੁਰੂ ਜੀ ਦੀ ਹਜ਼ੂਰੀ ਵਿੱਚ 5.35 ਤੇ ਵਾਰ ਦੇ ਭੋਗ ਉਪਰੰਤ ਅਖੰਡ ਪਾਠ ਦੇ ਅੰਤਮ ਸਲੋਕ ਪੜ੍ਹੇ ਜਾ ਕੇ 6 ਵਜੇ ਤੱਕ ਦੀਵਾਨ ਦੀ ਅਰਦਾਸ ਹੋ ਗਈ। ਇਹ ਅਮਰ ਸਿੰਘ ਨਿਰਮਾਣ ਦੇ ਦੂਜੇ ਸਪੁੱਤਰ ਅਵਤਾਰ ਸਿੰਘ ਦੀ ਕੋਠੀ ਸੀ। ਬਾਲੀ ਨਗਰ ਵਿੱਚ ਸ਼੍ਰੇਸ਼ਠ ਨਾਮਧਾਰੀਆਂ ਦਾ ਇੱਕ ਸਮੂਹ ਕਾਇਮ ਹੋ ਗਿਆ ਹੈ। ਸਾਰੇ ਹੀ ਪਦਾਰਥ ਵਲੋਂ ਤਕੜੇ ਅਤੇ ਗੁਰੂ ਚਰਨਾਂ ਦੇ ਭਵਰੇ ਹਨ। ਸ੍ਰੀ ਸਤਿਗੁਰੂ ਜੀ ਨੇ ਸਵੇਰ ਦਾ ਜਲਪਾਨ ਏਥੇ ਕੀਤਾ ਅਤੇ ਸਮੁੱਚੀ ਸੰਗਤ ਨੇ ਨਿਰਮਾਣ ਪਰਿਵਾਰ ਵਲੋਂ ਤਿਆਰ ਕਰਵਾਇਆ ਗਿਆ ਲੰਗਰ ਅਤੇ ਕੜਾਹ ਪ੍ਰਸ਼ਾਦ ਛਕ ਕੇ ਤ੍ਰਿਪਤੀ ਪਾਈ। ਏਥੇ ਹੀ ਮੈਨੂੰ ਸੰਤ ਸਰਬਜੀਤ ਸਿੰਘ ਗਵਾਲੀਅਰ ਵਾਲੇ ਨੇ, ਜੋ ਕਿ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਨਾਲ ਵੀ ਸੰਬੰਧਤ ਹਨ 2-3 ਪਰਚੀਆਂ ਦਿੱਤੀਆਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸ਼ੋਭਾ ਸੁਣ ਕੇ ਪੰਜਾਬ ਅਤੇ ਹਰਿਆਣੇ ਦੇ ਕਿਸਾਨਾਂ ਨਾਲ ਉਨ੍ਹਾਂ ਦੇ ਉਸਾਰੂ ਸੰਬੰਧਾਂ ਦੀ ਸ੍ਰੋਤ ਸੁਣ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਸ. ਗੁਰਦੇਵ ਸਿੰਘ 17.4.87 ਨੂੰ ਸ੍ਰੀ ਭੈਣੀ ਸਾਹਿਬ ਗੁਰੂ ਕੇ ਦਰਸ਼ਨ ਪਰਸਨ ਆਏ।

ਬਚਨ- ਬਿਲਾਸ ਉਪਰੰਤ ਕੋਠੀ ਵਾਲਾ ਸ੍ਰੀ ਸਤਿਗੁਰ ਪ੍ਰਤਾਪ ਸਿੰਘ ਜੀ ਦੇ ਸਮੇਂ ਦਾ ਬਾਗ ਦਿਖਾਇਆ ਫੇਰ ਰਾਈਆਂ ਵਾਲੀ ਜ਼ਮੀਨ ਵਿਖੇ ਲਗਾਏ ਗਏ ਕਿੰਨੂ ਫਾਰਮ ਦਾ ਅਵਲੋਕਨ ਕਰਵਾਇਆ। ਵਾਈਸ ਚਾਂਸਲਰ ਸਾਹਿਬ 1934 ਦੀਆਂ ਲੱਗੀਆਂ ਭੈਣੀ ਸਾਹਿਬ ਵਿਖੇ ਚੀਜਾਂ ਨੂੰ ਵੁਖਕੇ ਬੜੇ ਅਚਰਜ ਤੇ ਸੰਤੁਸ਼ਟ ਹੋਏ।ਉਪਰੰਤ ਰਾਈਆਂ ਫਾਰਮ ਵਿਖੇ ਇੱਕ ਸਾਲ ਦੇ ਕਿੰਨੂ ਬੂਟਿਆਂ ਦੀ ਪ੍ਰਗਤੀ ਵੇਖ ਖੂਬ ਪ੍ਰਸੰਨ ਹੋਏ। ਫੇਰ ਵਾਪਸੀ ਤੇ ਨਵਾਂ ਖੁੱਲਿਆ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸਕੂਲ ਵੀ ਦਿਖਾਇਆ। ਲੰਗਰ ਪਾਣੀ ਛਕਾ ਕੇ, ਸਤਿਗੁਰੂ ਜੀ ਵਲੋਂ ਨਾਮਧਾਰੀ ਇਤਿਹਾਸ ਤੇ ਸਾਹਿਤ ਦੀਆਂ ਕੁਛ ਪੁਸਤਕਾਂ ਆਪਣੇ ਜ਼ਿਲ੍ਹੇ ਦੀ ਯੂਨੀਵਰਸਿਟੀ ਦੇ ਮੁਖੀ ਨੂੰ ਸਨਮਾਨ ਵਜੋਂ ਬਖਸ਼ੀਆਂ।

ਸ. ਗੁਰਦੇਵ ਸਿੰਘ ਵਾਈਸ ਚਾਂਸਲਰ ਦੀ ਟੀਮ ਵਿੱਚ ਉਹਨਾ ਦੀ ਸੁਪਤਨੀ, ਇੱਕ ਬਜ਼ੁਰਗ ਪ੍ਰੋਫੈਸਰ ਅਤੇ ਇੱਕ ਸਰੀਰ ਉੱਪਲ ਸਾਹਿਬ ਆਦਿ ਸ਼ਾਮਿਲ ਸਨ। ਜਾਣ ਲੱਗਿਆ ਵਾਈਸ ਚਾਂਸਲਰ ਸਾਹਿਬ ਨੇ ਵਿਜ਼ੀਟਰ ਬੁਕ ਵਿੱਚ ਬੜੇ ਸੁੰਦਰ ਸ਼ਬਦਾਂ ਵਿੱਚ ਉਤਸ਼ਾਹ ਅੰਕਿਤ ਕੀਤੇ। ਇਸ ਤੋਂ ਪਹਿਲਾਂ ਦਿਨੇ ਅਰਥਾਤ 16.4.87 ਨੂੰ ਪਟਿਆਲੇ ਦੇ ਦਸ਼ਮੇਸ਼ ਐਜੂਕੇਸ਼ਨ ਕਾਲਜ ਦੇ ਪ੍ਰਿੰਸੀਪਲ ਸਾਹਿਬ ਸ੍ਰੀ ਭੈਣੀ ਸਾਹਿਬ ਵਿਖੇ ਤਸ਼ਰੀਫ ਲਿਆਏ। ਗੁਰੂ ਕੇ ਦਰਸ਼ਨ ਪਰਸ ਕੇ ਸ੍ਰੀ ਭੈਣੀ ਸਾਹਿਬ ਦੇ ਮਹੱਤਵਪੂਰਨ ਸਥਾਨ ਦੇਖੇ ਅਤੇ ਅਕੈਡਮੀ ਸਕੂਲ ਵਿੱਚ ਵਿਚਰਨ ਕੀਤਾ। ਇਹਨਾਂ ਯਤਨਾਂ ਦੀ ਸ਼ਲਾਘਾ ਤੇ ਨਾਲ ਹੀ ਪੁਰਾਣੇ ਦੇਸ਼ ਭਗਤਕ ਕੇਂਦਰ ਨੂੰ ਤੱਕ ਬੜੇ ਪ੍ਰਭਾਵਿਤ ਹੋਏ।

ਮੈਂ ਅੱਜ 9.30 ਵਜੇ ਕੋਠੀ ਪੂਸਾ ਰੋਡ ਪੁੱਜਾ ਤਾਂ ਉੱਪਰ ਸ੍ਰੀ ਸਤਿਗੁਰੂ ਜੀ ਡਾ. ਮੂਸਾ ਤੋਂ ਚੈਕਿੰਗ ਕਰਵਾ, ਨਾਮਧਾਰੀ ਰੋਗੀਆਂ ਦੇ ਸਵਾਸਥ ਬਾਰੇ ਰਿਪੋਰਟ ਲੈ ਕੇ ਹੰਸਪਾਲ ਜੀ ਨਾਲ ਬਾਹਰ ਆਏ। ਜਿੱਥੇ ਬਹੁਤ ਸਾਰੇ ਸਰੀਰ ਆਪ ਜੀ ਦੇ ਦਰਸ਼ਨਾਂ ਦੇ ਮੁਸ਼ਤਾਕ ਸਨ ਜਿਵੇਂ- ਸਰਦਾਰ ਪਰਵਿੰਦਰਵੀਰ ਸਿੰਘ ਲੱਕੀ ਜਲੰਧਰ ( ਸਪੁੱਤਰ ਸ. ਸਾਧੂ ਸਿੰਘ ਜਲੰਧਰ) ਤੋਂ ਗੁਰੂ ਜੀ ਦੇ ਫੋਨ ਬੁਲਾਵੇ ਤੇ ਆਇਆ ਬੈਠਾ ਸੀ, ਜਿਹੜਾ ਅੱਜਕਲ ਜਲੰਧਰ ਵਿੱਚ ਹੀ ਵਕਾਲਤ ਕਰਦਾ ਹੈ। ਸੇਠ ਵਿਜਿੰਦਰ ਸਿੰਘ, ਬੀਬੀ ਮਹਿੰਦਰ ਕੌਰ ਬੈਂਕੋਕ, ਸਰਦਾਰ ਪ੍ਰੀਤਮ ਸਿੰਘ ਪੰਛੀ ਸਮੇਤ ਪਰਿਵਾਰ ਖੁਰਾਣਾ ਪਰਿਵਾਰ, ਸਰਦਾਰ ਜੀਉਣ ਸਿੰਘ, ਸਰਦਾਰ ਸੁਰਜੀਤ ਸਿੰਘ ਦਿੱਲੀ, ਸਰਦਾਰ ਜਸਵਿੰਦਰ ਸਿੰਘ ਸਕੂਬ ਬਸਤੀ ਆਦਿ। ਨੌਜਵਾਨ ਅੰਗ ਰੱਖਿਅਕ ਵੀ ਏਥੇ ਮੌਜੂਦ ਸਨ। ਸਭ ਨੂੰ ਦਰਸ਼ਨ ਦੇ ਕੇ ਆਪ ਜੀ ਨੇ ਇਸ਼ਨਾਨ ਕੀਤਾ ਪ੍ਰਸ਼ਾਦਾ ਛਕਣ ਲਈ ਤਾਂ ਮੈਂ ਪ੍ਰਸ਼ਾਦ ਕਮਰੇ ਵੱਲ ਜਾਂਦਿਆ ਆਪ ਜੀ ਨੂੰ ਮੁਬਾਰਕ ਦਿੱਤੀ।

ਠਾਕੁਰ ਉਦੇ ਸਿੰਘ ਜੀ ਘਰ ਲੜਕੀ ਹੋਣ ਤੇ ਸਤਿਗੁਰੂ ਜੀ ਨੇ ਵਧਾਈ ਪਰਵਾਨ ਕਰਦਿਆਂ ਮੈਨੂੰ ਦੱਸਿਆ- ਛੋਟੇ ਕਾਕੇ ਨੂੰ ਮੈਂ ਫੋਨ ਦੁਆਰਾ ਬੈਂਗਲੋਰ ਵਧਾਈ ਦਿੱਤੀ। ਛੋਟਾ ਕਾਕਾ ਚੜਦੀ ਕਲਾ ਵਿੱਚ ਸੀ, ਉਸਨੇ ਕਿਹਾ- ਸਭ ਮੁਬਾਰਕਾਂ ਆਪ ਜੀ ਨੂੰ ਹਨ। ਮੇਰੇ ਵਾਸਤੇ ਮੁੰਡਾ ਕੁੜੀ ਬਰਾਬਰ ਹਨ। ਮਹਾਰਾਜ ਜੀ ਨੂੰ ਇਹ ਹੋਣੀ ਅਰੁਦੀਕਰ ਲੱਗੀ। ਉਹ ਅਸ਼ਾਂਤ ਹੋ ਗਏ ਪਰ ਫਿਰ ਉਹਨਾਂ ਨੂੰ ਇਸ ਹਕੀਕਤ ਨੂੰ ਤਸਕੀਨ ਕਰਨਾ ਪਿਆ ਕਿ ਅਕਾਲ ਪੁਰਖ ਦੀ ਬਖਸ਼ੀ ਦਾਤ ਸਭੋ ਹੀ ਪਵਿੱਤਰ ਹੈ ਅਤੇ ਅੱਜ ਦੇ ਜ਼ਮਾਨੇ ਵਿੱਚ ਇਹ ਵਿਚਾਰ ਤਰਕ ਕਰਨ ਯੋਗ ਹੀ ਹਨ ਕਿ ਨਾਰੀ ਅਦਨਾ ਤੇ ਪੁਰਖ ਸਰਬ ਸ਼੍ਰੇਸ਼ਟ ਹਨ।

Some research has suggested that opting for a vegan diet packed with vegetables, whole grains and nuts could reduce the risk of dying from heart disease, slash biological age and even help lose weight. Other studies, however, suggest that, long-term, a vegan diet may result in nutritional deficiencies and may not suit all ages.

The British brothers now plan to take on a 12-week fasting versus non-fasting diets to assess how the trendy weight-loss technique impacts their bodies. In 2023, the duo also tested out whether working out for

longer is more beneficial than short spurts of exercise.

In 2023, the duo also tested out whether working out for longer is more beneficial than short spurts of exercise

For 12 weeks, Hugo worked out for 20 minutes and Ross did twice as much, exercising for 40 minutes. Results showed that their physiques, strength and fitness increased nearly by the same amount.

Earlier this year, Hugo also followed a high fat, low-carb diet and began consuming most of his calories in olive oil, butter, nuts, eggs and avocado. Meanwhile, Ross began a eating more high-carb foods such as pasta and rice and decreased his high-fat food intake.

They both continued to eat whole protein sources like chicken and protein shakes. By the end of the 12 weeks, Ross gained 2.2 pounds of muscle and lost two pounds of fat after following the high-carb diet.

He also lowered his cholesterol and managed to decrease his internal visceral fat (the most dangerous type linked to chronic diseases) from 11.5 percent to 11.1 percent. His brother Hugo saw a more mixed picture after his high-fat diet.

He gained 6.6 pounds, lost 0.6 pounds of fat, saw no changes in his cholesterol levels and increased his internal visceral fat from 11.4 percent to 12.6 percent.

Visceral fat is belly fat found deep within the abdominal cavity. It surrounds important organs, including the stomach, liver and intestines. Interest in a plant-based diet has soared in recent years, with vegans citing ethical, environmental or health reasons. The exact numbers of vegans now in the UK is almost impossible to establish. But one recent survey suggested around 600,000 people are believed to be on a plant-based diet, while another in 2021 claimed that almost a third of Brits used alternative milks.

In recent years allergy-related diseases have also increased, with the World Health Organisation predicting that half the world's population will suffer from an allergy by 2025. Latest Government figures suggest around 2.4million adults are living with a food allergy in the UK, with hospital admissions for severe reactions more than tripling within the last 20 years.

Children with allergies are considered to be especially at risk from severe reactions as, due to their smaller body size, small amounts of allergens provoke bigger reactions.

.......................................................

**The Book Summary**

*The authors frame this as a mind-set shift: wealth isn't in your bank account, it's in the network around you. Each step builds on the last, turning a simple "don't buy" idea into a lifestyle. It's less rigid than it might sound-more like a framework you adapt to your own situation.*

**Gursikhi Correlation***: This reflects* ***"santokh"*** *and faith in Hukam (divine order). Guru Gobind Singh said, "Recognize the human race as one" -abundance comes from unity, not ownership. As per the Sikh principles trust that Waheguru provides through the sangat, not just personal stockpiles.*

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦਾ ਨਿਊਜ਼ੀਲੈਂਡ ਤੇ ਆਸਟ੍ਰੇਲੀਆ ਦੌਰਾ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ **ਅਪ੍ਰੈਲ 2025** ਦੇ ਮਹੀਨੇ ਨਿਊਜ਼ੀਲੈਂਡ ਤੇ ਆਸਟ੍ਰੇਲੀਆ ਦੀ ਧਰਤੀ ਦੇ ਵਸਨੀਕ ਨਾਮਧਾਰੀ ਸਾਧ ਸੰਗਤ ਨੂੰ ਦਰਸ਼ਨ ਦੇ ਕੇ ਨਿਹਾਲ ਕੀਤਾ। ਹਰ ਸਾਲ ਦੀ ਤਰ੍ਹਾਂ ਇਸ ਵਾਰੀ ਵੀ ਸਤਿਗੁਰੂ ਜੀ ਨੇ ਆਪਣੇ ਸਿੱਖਾਂ ਸੇਵਕਾਂ ਸਮੇਤ ਵਿਦੇਸ਼ੀ ਧਰਤੀ ਤੇ ਚਰਨ ਪਾ ਕੇ ਸਿੱਖਾਂ ਦੀਆਂ ਖੁਸ਼ੀਆਂ ਵਿਚ ਵਾਧਾ ਕੀਤਾ। ਸ੍ਰੀ ਸਤਿਗੁਰੂ ਜੀ ਆਪਣੀ ਗੁਰਗੱਦੀ ਕਾਲ ਵਿਚ ਪਹਿਲੀ ਵਾਰ ਨਿਊਜ਼ੀਲੈਂਡ ਦੀ ਧਰਤੀ ਨੂੰ ਭਾਗ ਲਾਏ।

**ਮਿਤੀ 4 ਅਪ੍ਰੈਲ 2025** ਨੂੰ ਸੰਤ ਗੁਰਸੇਵਕ ਸਿੰਘ, ਸਤਨਾਮ ਸਿੰਘ, ਗੰਗਾ ਸਿੰਘ ਤੇ ਨਿਊਜ਼ੀਲੈਂਡ ਦੀ ਸਮੂਹ ਸੰਗਤ ਨੇ ਏਅਰਪੋਰਟ ਤੇ ਆ ਕੇ ਫੁੱਲਾਂ ਦੇ ਗੁਲਦਸਤਿਆਂ ਨਾਲ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ ਗਿਆ। ਸਤਿਗੁਰੂ ਜੀ ਦੀ ਆਕਲੈਂਡ ਹਵਾਈ ਅੱਡੇ ਤੇ ਫਲਾਇਟ ਲੈਂਡ ਹੋਈ। ਇੱਥੇ ਹੀ ਆਪਣੀ 90% ਨਾਮਧਾਰੀ ਸੰਗਤ ਰਹਿੰਦੀ ਹੈ। ਅਗਲੇ ਦਿਨ ਆਸਾ ਦੀ ਵਾਰ ਦਾ ਕੀਰਤਨ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਇਆ। ਸਤਿਗੁਰੂ ਜੀ ਨੇ ਪ੍ਰਸ਼ਾਦਾ ਪਾਣੀ ਛਕ ਕੇ ਸੰਗਤਾ ਦੇ 25 ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਚਰਨ ਪਾਉਣ ਉਪਰੰਤ ਸਤਿਗੁਰੂ ਜੀ ਤੇ ਸਾਧ ਸੰਗਤ ਆਕਲੈਂਡ ਗਾਰਡਨ ਦੇ ਕੋਲ ਸੈਰ ਕਰਨ ਲਈ ਗਏ।

**5 ਅਪ੍ਰੈਲ 2025** ਸਵੇਰੇ ਆਸਾ ਦੀ ਵਾਰ ਦਾ ਕੀਰਤਨ ਗਾਇਨ ਹੋਇਆ। ਸਾਧ ਸੰਗਤ ਨੇ ਆ ਕੇ ਦਰਸ਼ਨ ਕੀਤੇ। ਇਥੇ ਸਤਿਗੁਰੂ ਜੀ ਨੇ ਪੂਰੇ ਨਿਊਜ਼ੀਲੈਂਡ ਵਿਚ 25 ਪਰਿਵਾਰਾਂ ਦੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ। ਅਪ੍ਰੈਲ 5, 6, 7 ਤਿੰਨ ਦਿਨ ਸਤਿਗੁਰੂ ਜੀ ਆਪਣੇ ਸਿੱਖਾਂ ਦੀਆਂ ਅਰਜਾਂ ਪਰਵਾਨ ਕਰਦੇ ਰਹੇ ਤੇ ਤਿੰਨੇ ਦਿਨ ਹੀ ਆਸਾ ਦੀ ਵਾਰ ਦਾ ਮਨਮੋਹਕ ਕੀਰਤਨ ਤੇ ਨਿਤਨੇਮ ਹੁੰਦਾ ਰਿਹਾ। ਸੂਬਾ ਸਤਨਾਮ ਸਿੰਘ, ਸੰਤ ਕਰਤਾਰ ਸਿੰਘ, ਸੰਤਾ ਸਿੰਘ, ਹਰਨਾਮ ਸਿੰਘ ਤੇ ਹਰਪ੍ਰੀਤ ਸਿੰਘ ਜੀ ਦੌਰੇ ਦੇ ਨਾਲ ਰਹੇ।

**6-4-2025** ਨੂੰ ਆਸਾ ਦੀ ਵਾਰ ਦਾ ਕੀਰਤਨ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਕਲੈਂਡ ਦਰੌਰੀ ਹਾਲ ਵਿੱਚ ਹੋਇਆ। ਕਰੀਬ 150 ਦੇ ਕਰੀਬ ਸਰੀਰ ਆਏ। ਸਤਿਗੁਰੂ ਜੀ ਬੜੇ ਪ੍ਰਸੰਨ ਚਿਤ ਸਨ ਅਤੇ ਮੈਂਨੂੰ ਸਤਿਗੁਰੂ ਜੀ ਖੁਸ਼ੀ ਦਿੱਤੀ ਕਿ ਸੰਗਤ ਤੇ ਬਹੁਤ ਹੈ ਇੱਥੇ , 150 ਦੇ ਕਰੀਬ ਸਰੀਰ ਹੋਣਗੇ......ਹਾਲ ਭਰ ਗਿਆ ਤੁਹਾਡਾ।ਵਾਰ ਦੇ ਭੋਗ ਤੋਂ ਬਾਅਦ ਸਤਿਗੁਰੂ ਜੀ ਨੇ ਗੰਗਾ ਸਿੰਘ ਦੇ ਪਰਿਵਾਰ ਵਲੋਂ ਬਣਾਏ ਗਏ ਲੱਡੂ ਆਪਣੇ ਹਸਤ ਕੰਵਲਾਂ ਨਾਲ ਵਰਤਾਉਣ ਦੀ ਕਿਰਪਾ ਕੀਤੀ। ਸਤਿਗੁਰੂ ਜੀ ਨੇ ਸਵੇਰ ਦਾ ਲੰਗਰ ਸਤਿਨਾਮ ਸਿੰਘ ਜੀ ਵੱਲ ਛਕਿਆ ਫਿਰ ਹੈਮਿਲਟਨ ਡਰਾਇਵਰ ਕਰਕੇ ਸੰਤ ਬਲਬੀਰ ਸਿੰਘ ਦੇ ਗ੍ਰਹਿ ਚਰਨ ਪਾਉਣ ਦੀ ਕਿਰਪਾ ਕੀਤੀ। ਪਾਤਸ਼ਾਹ ਜੀ ਨਾਲ ਸੰਗਤਾਂ ਵੀ ਰਵਾਨਾ ਹੋਈਆਂ। ਫਿਰ ਸਤਿਗੁਰੂ ਜੀ ਨੇ ਸੰਗਤ ਨਾਲ ਪਾਰਕ ਵਿੱਚ ਸੈਰ ਕੀਤੀ।

**7-4-2025** ਆਸਾ ਦੀ ਵਾਰ ਤੋਂ ਜੋ ਕਿ ਪੂਨਾ ਮੈਮੋਰੀਅਲ ਹਾਲ ਵਿੱਚ ਸੀ ਉਪਰੰਤ ਸਤਿਗੁਰੂ ਜੀ ਨੇ 7-8 ਘਰਾਂ ਵਿੱਚ ਚਰਨ ਪਾਏ। ਫਿਰ ਸਤਿਗੁਰੂ ਜੀ ਨੇ ਵਾਪਸੀ ਆਕਲੈਂਡ ਕੀਤੀ।

**8-4-2025** ਆਸਾ ਦੀ ਵਾਰ ਦਾ ਕੀਰਤਨ ਆਕਲੈਡ ਦਰੌਰੀ ਹਾਲ ਵਿੱਚ ਹੋਇਆ ਅਤੇ ਫਿਰ ਸਤਿਗੁਰੂ ਜੀ ਬ੍ਰਿਸਬੇਨ ਲਈ ਰਵਾਨਾ ਹੋਏ। ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ। ਨੌਜੁਆਨਾਂ ਨੇ ਤਨ-ਮਨ ਤੇ ਧਨ ਦੇ ਨਾਲ ਸਾਰੀ ਸੰਗਤ ਦੀ ਸੇਵਾ ਕੀਤੀ। ਸਤਿਗੁਰੂ ਜੀ ਨੇ ਸਾਰੀ ਸੰਗਤ ਨੂੰ ਖੁਸ਼ੀਆਂ ਬਖਸ਼ੀਆਂ। ਆਪਣਾ ਪਵਿੱਤਰ ਉਪਦੇਸ਼ ਦੇ ਕੇ ਨੌਜੁਆਨਾਂ ਨੂੰ ਗੁਰਸਿੱਖੀ ਨਾਲ ਜੁੜਨ ਵਾਸਤੇ ਪ੍ਰੇਰਿਤ ਕੀਤਾ। ਇਸ ਪਹਿਲੇ ਦੌਰੇ ਦੌਰਾਨ ਸਤਿਗੁਰੂ ਜੀ ਨੇ ਨੌਜੁਆਨਾਂ ਨੂੰ ਹਫਤਾਵਾਰੀ ਇਕੱਠੇ ਹੋ ਕੇ ਨਿਤਨੇਮ ਕਰਨ ਦਾ ਸੰਦੇਸ਼ ਦਿੱਤਾ।

**8 ਅਪ੍ਰੈਲ 2025** ਨੂੰ ਸ੍ਰੀ ਸਤਿਗੁਰੂ ਜੀ ਇਥੇ ਦੀ ਧਰਤੀ ਨੂੰ ਤਾਰਦੇ ਹੋਏ ਆਸਟ੍ਰੇਲੀਆ ਦੇ ਪਹਿਲੇ ਸ਼ਹਿਰ ਬ੍ਰਿਸਬੇਨ ਦੇ ਏਅਰਪੋਰਟ ਤੇ ਪਧਾਰੇ। ਜਿਥੇ ਉਥੋਂ ਦੀ ਸੰਗਤ ਨੇ ਇਕ ਕਾਫਲੇ ਦੇ ਰੂਪ ਵਿੱਚ ਆਪੋ-ਆਪਣੀਆਂ ਗੱਡੀਆਂ ਦੇ ਵਿਚ ਆ ਕੇ ਸ੍ਰੀ ਸਤਿਗੁਰੂ ਜੀ ਦਾ ਨਿੱਘਾ ਸੁਆਗਤ ਕੀਤਾ। ਛੋਟੇ-2 ਬੱਚਿਆਂ ਨੇ ਆਪਣੇ ਹੱਥਾਂ ਵਿਚ ਗੁਲਦਸਤੇ ਫੜੇ ਹੋਏ ਸਨ ਤੇ ਨਾਮਧਾਰੀ ਲਿਬਾਸ ਵਿਚ ਅਤੀ ਸੁੰਦਰ ਲੱਗ

ਰਹੇ ਸਨ। ਏਅਰਪੋਰਟ ਤੇ ਵਿਦੇਸ਼ੀ ਧਰਤੀ ਤੇ ਚਿੱਟੇ ਬਸਤਰ ਕਿਉਂ ਪਾਏ ਹਨ ਇਨ੍ਹਾਂ ਦਾ ਮੁਖੀ ਕੌਣ ਹੈ? ਉਹਨਾਂ ਨੇ ਦੱਸਿਆ ਕਿ ਜੋ ਅੱਗੇ-ਅੱਗੇ ਜਾ ਰਹੇ ਹਨ ਸਾਡੇ ਸਤਿਗੁਰੂ ਜੀ ਹਨ ਤੇ ਇਹ ਚਿੱਟੇ ਬਸਤਰ ਸਾਡਾ ਲਿਬਾਸ ਹੈ ਤੇ ਇਹ ਸ਼ਾਂਤੀ ਦਾ ਸੰਦੇਸ਼ ਦਿੰਦਾ ਹੈ। ਸ੍ਰੀ ਸਤਿਗੁਰੂ ਜੀ, ਮਾਤਾ ਜੀ ਤੇ ਸੇਵਕ ਇਕ ਗੱਡੀ ਵਿੱਚ ਸਵਾਰ ਹੋ ਕੇ ਹੋਲੀ-ਹੋਲੀ ਏਅਰਪੋਰਟ ਤੋਂ ਬਾਹਰ ਆਏ ਤੇ ਬਾਕੀ ਗੱਡੀਆਂ ਵੀ ਹੋਲੀ-ਹੋਲੀ ਇਕ ਕਾਫਲੇ ਦੇ ਰੂਪ ਵਿੱਚ ਬ੍ਰਿਸਬੇਨ ਦੀਆਂ ਚੌੜੀਆਂ ਤੇ ਸਾਫ ਸੁਥਰੀਆਂ ਸੜਕਾਂ ਤੇ ਦੌੜ ਰਹੀਆਂ ਸਨ।

ਅਪ੍ਰੈਲ 8 ਨੂੰ ਸ੍ਰੀ ਸਤਿਗੁਰੂ ਜੀ ਨੇ ਸਭ ਤੋਂ ਪਹਿਲਾਂ ਪਰਵੀਨ ਸਿੰਘ ਮਨੋਹਰ ਦੇ ਗ੍ਰਹਿ ਵਿਖੇ ਚਰਨ ਪਾਏ ਤੇ ਜਲ-ਪਾਣੀ ਛਕਿਆ। ਇਨ੍ਹਾਂ ਦੇ ਘਰ ਵਿਚ ਹੀ ਸ਼ਾਮੀ 3 ਤੋਂ 5 ਵਜੇ ਤੱਕ ਨਿਤਨੇਮ ਤੇ ਕੀਰਤਨ ਗਾਇਨ ਕੀਤਾ ਗਿਆ। ਪ੍ਰਸ਼ਾਦਾ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਸੂਬਾ ਸਤਨਾਮ ਸਿੰਘ ਜੀ ਨੈਰੋਬੀ ਵਾਲਿਆਂ ਦੇ ਗ੍ਰਹਿ ਆ ਕੇ ਵਿਸ਼ਰਾਮ ਕੀਤਾ। ਐਸ.ਪੀ. ਸੰਧੂ ਤੇ ਇਨ੍ਹਾਂ ਦੀ ਕਮੇਟੀ ਨੇ ਆਈ ਹੋਈ ਸੰਗਤ ਦਾ ਵੱਖ-ਵੱਖ ਘਰਾਂ ਦੇ ਵਿੱਚ ਡੇਰੇ ਦਾ ਇੰਤਜਾਮ ਬਹੁਤ ਹੀ ਵਧੀਆ ਤੇ ਸੁਚੱਜੇ ਢੰਗ ਨਾਲ ਕਰਵਾਇਆ। ਸੰਗਤ ਨੂੰ ਡੇਰਿਆਂ ਵਿਚੋਂ ਲਿਆਉਣ ਵਾਸਤੇ ਸਪੈਸ਼ਲ ਵੈਨਾਂ (ਮੈਟਾਡੋਰ ਦਾ ਪ੍ਰਬੰਧ) ਕੀਤਾ ਗਿਆ।

**9 ਅਪ੍ਰੈਲ 2025–** ਅਗਲੇ ਦਿਨ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਵੇਦਾਤਾਂ ਸੈਂਟਰ ਵਿਚ ਗਾਇਨ ਕੀਤਾ ਗਿਆ। ਇਥੇ ਹੀ ਹਰ ਰੋਜ ਨਿਤਨੇਮ ਤੇ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਰਿਹਾ। ਸਮਾਪਤੀ ਦੇ ਨਾਲ ਹੀ ਬੀਬੀ ਸਤਪਾਲ ਕੌਰ ਦੇ ਗ੍ਰਹਿ ਵਿਖੇ ਚਰਨ ਪਾਏ। ਹਰ ਰੋਜ਼ ਹੀ ਵਾਰ ਦੇ ਕੀਰਤਨ ਨਾਲ ਹੀ ਬੀਬੀਆਂ ਵਲੋਂ ਵੱਖ-ਵੱਖ ਪਕਵਾਨਾਂ ਦੇ ਨਾਲ ਗੁਰੂ ਕਾ ਲੰਗਰ ਤਿਆਰ ਹੁੰਦਾ ਤੇ ਸਾਰੀ ਸੰਗਤ ਪੰਗਤਾਂ ਵਿਚ ਬੈਠ ਲੰਗਰ ਛੱਕ ਨਿਹਾਲ ਹੁੰਦੀ। ਇਸ ਦੇ ਨਾਲ ਹੀ ਸੰਗਤਾਂ ਨੂੰ ਗੱਡੀਆਂ ਰਾਹੀ ਡੇਰਿਆਂ ਵਿਚ ਪਹੁੰਚਾਇਆ ਜਾਂਦਾ। ਸਾਧ ਸੰਗਤ ਨੂੰ ਘੁੰਮਣ ਫਿਰਣ ਲਈ ਸਮਾਂ 10 ਵਜੇ ਦਾ ਦਿੱਤਾ ਗਿਆ। ਸੂਬਾ ਸਤਨਾਮ ਸਿੰਘ ਦੇ ਘਰ ਤੋਂ ਗੱਡੀਆਂ ਦਾ ਕਾਫਲਾ ਆਰੰਭ ਹੋਇਆ। ਤਕਰੀਬਨ ਡੇਢ ਘੰਟੇ ਦੇ ਬਾਅਦ ਅਸੀਂ Mount Tamporine ਤੇ ਜਾ ਕੇ ਇਕ ਸੁੰਦਰ ਨਜ਼ਾਰਾ ਦੇਖਿਆ। ਖੂਬਸੂਰਤ ਦਰੱਖਤਾਂ ਤੇ ਘਾਹ ਦੇ ਨਾਲ ਸਜਿਆ ਇਹ ਇੱਕ ਅਜੂਬਾ ਹੀ ਸੀ। ਦੂਰ-ਦੂਰ ਤੱਕ ਇਕ ਸ਼ਾਨਦਾਰ ਵਿਊ ਸੀ। ਠੰਡੀ ਹਵਾ ਕਰਕੇ ਕਈਆਂ ਨੇ ਜੈਕਟਾਂ ਤੇ ਸਵੈਟਰ ਪਾ ਲਏ। ਥੋੜੀਆਂ-ਥੋੜੀਆਂ ਮੀਂਹ ਦੀਆਂ ਕਣੀਆਂ ਵੀ ਪੈ ਰਹੀਆ ਸਨ। ਅੱਧਾ ਘੰਟਾ ਇਥੇ ਰੁੱਕਣ ਦੇ ਬਾਅਦ ਅਗਲੇ ਟਿਕਾਣੇ ਤੇ ਜਾਣ ਵਾਸਤੇ ਗੱਡੀਆਂ ਵਿਚ ਬੈਠ ਗਏ। ਕੁਝ ਸਮੇਂ ਬਾਅਦ ਹੀ ਅਸੀਂ Natural Bridge ਦੇ ਥੱਲੇ ਉਤਰ ਗਏ ਤੇ ਇਕ ਗੁਫਾ ਨੂੰ ਦੇਖਦੇ ਹੋਏ ਉੱਪਰ ਆ ਗਏ। ਇਹ ਨੈਚੁਰਲ ਬਰਿਜ ਬਹੁਤ ਸੋਹਣਾ ਬਣਿਆ ਹੋਇਆ ਸੀ। ਇਸ ਤੋਂ ਅੱਗੇ ਅਸੀਂ Hinz Dam ਤੇ ਚਲੇ ਗਏ। ਇਹ ਇਕ ਲੰਬੀ ਵਾਕ ਸੀ। ਇਹ ਬਹੁਤ ਵੱਡਾ ਡੈਮ ਸੀ ਇਸ ਦੇ ਖੱਬੇ ਪਾਸੇ ਵੱਡੇ-ਵੱਡੇ ਫਾਰਮ ਸਮੇਤ ਦੂਸਰੇ ਪਾਸੇ ਡੈਮ ਹੈ। ਸਤਿਗੁਰੂ ਜੀ ਤੇ ਸਾਰੀ ਸੰਗਤ ਬਚਨ ਬਿਲਾਸ ਕਰਦੀ ਉਸ ਜਗ੍ਹਾ ਤੇ ਪਹੁੰਚ ਗਈ। ਸਤਿਗੁਰੂ ਜੀ ਨਾਲ ਇਕ ਯਾਦਗਾਰੀ ਤਸਵੀਰ ਲਈ ਗਈ। ਫਿਰ ਉਥੋਂ ਵਾਪਸ ਆ ਗਏ। Hinz Dam ਦੇ ਬਾਹਰ Car Parking ਵਿਚ ਗੱਡੀਆਂ ਖੜ੍ਹੀਆਂ ਸਨ ਤੇ ਸੰਗਤ ਤੇ ਛਕਣ ਵਾਸਤੇ ਲੰਗਰ ਨਾਲ ਹੀ ਲਿਆਂਦਾ ਤੇ ਸਾਰੀ ਸੰਗਤ ਨੇ ਉਥੇ ਲੰਗਰ ਛੱਕ ਕੇ ਆਨੰਦ ਲਿਆ। ਸਤਿਗੁਰੂ ਜੀ ਤੇ ਸਾਰੀ ਸੰਗਤ ਆਪੋ-ਆਪਣੀਆਂ ਕਾਰਾਂ ਵਿਚ ਬੈਠ ਅਗਲੇ ਸਟੇਸ਼ਨ ਵਾਸਤੇ ਰਵਾਨਾ ਹੋਏ। ਅਗਲੀ ਜਗ੍ਹਾ ਦਾ ਨਾਮ Gold Coast Spit ਹੈ। ਇਸ ਜਗ੍ਹਾ ਤੇ ਜਾ ਕੇ ਆਲੇ-ਦੁਆਲੇ ਦਾ ਦ੍ਰਿਸ਼ ਦੇਖਿਆ। ਇਹ Gold Cost ਦਾ ਰਾਤ ਦਾ ਦ੍ਰਿਸ਼ ਬਹੁਤ ਸ਼ਾਨਦਾਰ ਹੈ ਅਸੀਂ ਇਕ ਦਿਨ ਪਹਿਲਾਂ ਹੀ ਇਥੇ ਜਾ ਕੇ ਇਸ ਸਾਰਾ ਦ੍ਰਿਸ਼ ਦੇਖਿਆ ਸੀ। ਸਾਡੀ ਗੱਡੀ ਵਾਪਸ ਚਲੀ ਗਈ ਕਿਉਂਕਿ ਸੋਧ ਦਾ ਪਾਣੀ ਖ਼ਤਮ ਹੋ ਗਿਆ ਤੇ ਅਸੀਂ ਖਾਲੀ ਡਰੰਮ ਲੈ ਕੇ ਇਕ ਝਰਨੇ ਵਿਚੋਂ ਸੋਧ ਦਾ ਜਲ ਭਰਿਆ ਤੇ ਸ਼ਾਮ ਨੂੰ ਡੇਰੇ ਤੇ ਪਹੁੰਚ ਗਏ। ਸ਼ਾਮ ਦਾ ਨਿਤਨੇਮ ਤੇ ਕੀਰਤਨ ਹਜ਼ੂਰੀ ਰਾਗੀ ਸਿੰਘਾਂ ਨੇ ਗਾਇਨ ਕੀਤਾ। ਸਾਰੀ ਸੰਗਤ ਨੇ ਗੁਰੂ ਕਾ ਲੰਗਰ ਛਕਿਆ ਤੇ ਆਪੋ-ਆਪਣੀ ਡੇਰਿਆਂ ਤੇ ਰਵਾਨਾ ਹੋਏ।

**10 ਅਪ੍ਰੈਲ 2025–** ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਮਨੋਹਰ ਕੀਰਤਨ ਹਜ਼ੂਰੀ ਰਾਗੀ ਸਿੰਘਾਂ ਨੇ ਤੰਤੀ ਸਾਜਾਂ ਦੇ ਨਾਲ ਗਾਇਨ ਕੀਤਾ। ਸਾਰੀ ਸੰਗਤ ਨੇ ਗੁਰੂ ਕਾ ਲੰਗਰ ਛਕਿਆ। ਸਤਿਗੁਰੂ ਜੀ ਨੇ 8 ਘਰਾਂ ਵਿਚ ਚਰਨ ਪਾਏ। ਠੀਕ 11 ਵਜੇ ਸ੍ਰੀ ਸਤਿਗੁਰੂ ਜੀ ਨੇ ਸਾਰੀ ਸੰਗਤ City Tour, Super Market, South Bandk, Sky Deck ਤੇ Botanical Garden ਵਿਚ ਸੈਰ ਕੀਤੀ। ਸਤਿਗੁਰੂ ਜੀ ਦੀ ਕਿਰਪਾ ਨਾਲ ਇਹਨਾਂ ਬੱਚਿਆਂ ਨੇ ਹਜ਼ੂਰੀ ਵਿੱਚ ਪ੍ਰਦਰਸ਼ਨ ਕੀਤਾ–

1. ਸੁਰਪ੍ਰੀਤ ਸਿੰਘ 1 ਪਉੜੀ ਜਪੁਜੀ ਸਾਹਿਬ
2. ਸੁਰਿੰਦਰ ਕੌਰ– ਜਪੁਜੀ ਸਾਹਿਬ 5 ਪਉੜੀਆਂ ਅਤੇ

ਸ਼ਬਦ
3. ਸੀਰਤ ਕੌਰ- ਜਪੁਜੀ ਸਾਹਿਬ 5 ਪਉੜੀਆਂ
4. ਗੁਰਨਜ਼ਰ ਸਿੰਘ- ਅਰਦਾਸ, ਪੰਜ ਪਿਆਰਿਆਂ ਦੇ ਨਾਮ, ਪੰਜ ਕਕਾਰ, ਚਾਰ ਸਾਹਿਬਜਾਦੇ ਅਤੇ ਪਹਿਲੀ ਪਉੜੀ ਜਪੁਜੀ ਸਾਹਿਬ
5. ਕਰਨਵੀਰ ਸਿੰਘ- ਜਪੁਜੀ ਸਾਹਿਬ 2 ਪਉੜੀਆਂ,
6. ਪ੍ਰੇਮ ਕੌਰ-ਕਵਿਤਾ,
7. ਜੈ ਸਿੰਘ , ਜਸਪਾਲ ਸਿੰਘ, ਜਸਵੀਰ ਕੌਰ ਅਤੇ ਜਗਤ ਸਿੰਘ ਨੇ ਸ਼ਬਦ ਗਾਇਨ ਕੀਤਾ।

ਸਤਿਗੁਰੂ ਜੀ ਵਲੋਂ ਕੁਝ ਸਿੱਖਾਂ ਦੇ ਘਰਾਂ ਵਿਚ ਚਰਨ ਪਾਏ ਗਏ-

ਜਸਪਾਲ ਸਿੰਘ, ਤ੍ਰਿਲੋਕ ਸਿੰਘ, ਜੇ.ਪੀ. ਅਮਰਾਸਰ, ਸੋਨੂੰ ਔਲਖ, ਜਸਪਾਲ ਸਿੰਘ, ਯਾਦਵਿੰਦਰ ਸਿੰਘ, ਸਰਦੂਲ ਸਿੰਘ, ਰਤਨ ਸਿੰਘ, ਰਵਿੰਦਰ ਸਿੰਘ, ਪਰਮਿੰਦਰ ਸਿੰਘ, ਜਗਬੀਰ ਸਿੰਘ, ਹੀਰਾ ਸਿੰਘ, ਐਸ.ਪੀ. ਸੰਧੂ, ਕਲਦੀਪ ਸਿੰਘ ਆਦਿ।

**12 ਅਪ੍ਰੈਲ 2025**- ਸ਼ਾਮ ਦਾ ਲੰਗਰ ਪਾਣੀ ਸਾਧ ਸੰਗਤ ਨੇ ਛੱਕ ਕੇ ਆਪੋ-ਆਪਣੇ ਘਰਾਂ ਵਿਚ ਡੇਰਾ ਕੀਤਾ। 12 ਅਪ੍ਰੈਲ ਦੀ ਵਾਰ ਐਸ.ਪੀ. ਸੰਧੂ ਤੱਕ ਰਾਗੀ ਸਿੰਘਾਂ ਨੇ ਗਾਇਨ ਕੀਤੀ।

ਅੱਜ ਹੀ ਠੀਕ 9:30 ਵਜੇ ਸਿਡਨੀ ਜਾਣ ਦੀ ਤਿਆਰੀ ਕੀਤੀ। ਸ੍ਰੀ ਸਤਿਗੁਰੂ ਜੀ ਨੇ ਕਾਕਾ ਗੁਰਨਾਹਰ ਸਿੰਘ ਪੁੱਤਰ ਐਸ.ਪੀ. ਸੰਧੂ ਤੇ ਕਾਕਾ ਕਰਮਵੀਰ ਸਿੰਘ ਢਿਲੋਂ ਨੂੰ ਦਸਤਾਰ ਸਜਾਈ। ਸੰਧੂ ਸਾਹਿਬ ਦੇ ਘਰ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ। ਸਾਰੀ ਸੰਗਤ ਨੇ ਲੰਗਰ ਛੱਕ ਕੇ ਆਪੋ-ਆਪਣਾ ਸਮਾਨ ਗੱਡੀਆਂ ਵਿਚ ਰੱਖ ਕੇ ਏਅਰਪੋਰਟ ਨੂੰ ਚਾਲੇ ਪਾਏ। ਠੀਕ 11 ਵਜੇ ਏਅਰ ਪੋਰਟ ਤੇ ਪਹੁੰਚ ਅਗਲੇ ਸਟੇਟ ਸਿਡਨੀ ਵਾਸਤੇ ਜਹਾਜ਼ ਵਿਚ ਬੈਠ ਰਵਾਨਾ ਹੋਏ। ਸਤਿਗੁਰੂ ਜੀ ਦੇ ਦਰਬਾਰ ਵਿਚ ਵੇਦਾਤਾ ਸੈਂਟਰ ਦੀ ਪ੍ਰਬੰਧਕ ਕਮੇਟੀ ਨੇ ਆ ਕੇ ਦਰਸ਼ਨ ਕੀਤੇ ਤੇ ਸਤਿਗੁਰੂ ਜੀ ਦਾ ਧੰਨਵਾਦ ਕੀਤਾ। ਪੰਜ ਦਿਨ ਦਾ ਨਿਤਨੇਮ ਤੇ ਵਾਰ ਦਾ ਕੀਰਤਨ ਇਸ ਸਥਾਨ ਤੇ ਹੀ ਹੁੰਦਾ ਰਿਹਾ। ਇਹ ਜਗ੍ਹਾ ਬਹੁਤ ਖੁੱਲੀ ਡੁੱਲੀ ਹੈ। ਬ੍ਰਿਸਬੇਨ ਦੀ ਸੰਗਤ ਨੇ ਸਾਰੇ ਦਿਨ ਤਨ, ਮਨ ਤੇ ਧਨ ਨਾਲ ਗੁਰੂ ਦੇ ਸਿੱਖਾਂ ਦੀ ਸੇਵਾ ਕੀਤੀ।

**ਗੁਰਦੇਵ ਸਿੰਘ ਚੀਮਾ**

**ਚਲਦਾ...**

## ਫਤਿਹਾਬਾਦ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਬਸੰਤ ਮੇਲਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਮੇਲਾ ਬਸੰਤ ਪੰਚਮੀ ਦੇਸ਼ ਵਿਦੇਸ਼ ਵਿੱਚ ਨਾਮਧਾਰੀ ਸਾਧ ਸੰਗਤ ਵੱਲੋਂ ਸ਼ਰਧਾ ਸਤਿਕਾਰ ਅਤੇ ਪ੍ਰੇਮ ਸਹਿਤ ਮਨਾਉਂਦੇ ਹੋਏ ਹਰਿਆਣਾ ਰਾਜ ਦੇ ਜ਼ਿਲ੍ਹਾ ਫਤਿਹਾਬਾਦ ਦੀ ਸਾਧ ਸੰਗਤ ਵੱਲੋਂ ਇਸ ਵਾਰੀ ਮੇਲਾ ਬਸੰਤ ਪੁਰਬ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜੂਰੀ ਵਿੱਚ **ਮਿਤੀ 4 ਫਰਵਰੀ 2025 ਦਿਨ ਮੰਗਲਵਾਰ** ਨੂੰ ਮਨਾਇਆ ਗਿਆ। ਫਤਿਹਾਬਾਦ ਦੀ ਨਾਮਧਾਰੀ ਧਰਮਸ਼ਾਲਾ ਵਿਖੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹਜੂਰ ਸੂਬਾ ਸੰਦੀਪ ਸਿੰਘ ਕਰੀਵਾਲਾ ਨੇ ਦੀਵਾਨ ਸਜਾਉਂਦੇ ਹੋਏ ਜਿਨ ਮਾਨਸ ਤੇ ਦੇਵਤੇ ਕੀਏ ਗੁਰੂ ਨਾਨਕ ਦੇਵ ਜੀ ਦੀ ਗੁਰਬਾਣੀ ਦੀ ਇਸ ਰਚਨਾ ਦੇ ਆਧਾਰ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਰਉਪਕਾਰ ਦਾ ਵਰਣਨ ਕੀਤਾ ਕਿ ਕਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੀ ਸਾਜੀ ਸਿੱਖੀ ਨੂੰ ਤਿਆਗ ਕੇ ਪੰਜਾਬ ਦੇ ਲੋਕਾਂ ਦਾ ਜੀਵਨ ਪੱਧਰ ਕਿਸ ਹੱਦ ਤੱਕ ਗਿਰ ਚੁੱਕਾ ਸੀ। ਸਤਿਗੁਰੂ ਰਾਮ ਸਿੰਘ ਜੀ ਪਰਉਪਕਾਰ ਕਰਕੇ ਇਸ ਤਰ੍ਹਾਂ ਸੰਤ ਖਾਲਸੇ ਦੀ ਸਾਜਨਾ ਕੀਤੀ ਅਤੇ ਮਨੁੱਖਾਂ ਤੋਂ ਦੇਵਤਿਆਂ ਵਾਲਾ ਜੀਵਨ ਬਖਸ਼ਿਆ ਸ੍ਰੀ ਸਤਿਗੁਰੂ ਜੀ ਦੇ ਹਜੂਰ ਪਵਿੱਤਰ ਗੁਰਬਾਣੀ ਦੇ ਛੇ ਪਾਠਾਂ ਦੇ ਭੋਗ ਸਾਧ ਸੰਗਤ ਵੱਲੋਂ ਪਾਏ ਗਏ। ਕਾਕਾ ਗੁਰਮੁਖ ਸਿੰਘ ਪੁੱਤਰ ਸਾਜਣ ਸਿੰਘ ਨੇ ਇੱਕ ਸਤਿਗੁਰੂ ਰਾਮ ਸਿੰਘ ਜੀ ਦੀ ਤਸਵੀਰ ਸ੍ਰੀ ਸਤਿਗੁਰੂ ਦੇ ਸਿੰਘੀ ਨੂੰ ਭੇਟ ਕੀਤੀ। ਬੱਚੀ ਗੁਰਲੀਨ ਕੌਰ ਨੇ ਕਵਿਤਾ ਸੁਣਾਈ।

ਸ੍ਰੀ ਸਤਿਗੁਰੂ ਜੀ ਨੇ ਫਤਿਹਾਬਾਦ ਵਿਖੇ ਅਤਰ ਸਿੰਘ ਪੁੱਤਰ ਅਵਤਾਰ ਸਿੰਘ, ਸਤਵਿੰਦਰ ਸਿੰਘ ਪੁੱਤਰ ਜਸਵੰਤ ਸਿੰਘ, ਚਰਨਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਆਦਿ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਪਿੰਡ ਐਰਵਾ ਵਿਖੇ ਸ. ਗੁਰਨਾਮ ਸਿੰਘ ਪੁੱਤਰ ਕਰਨੈਲ ਸਿੰਘ, ਸੇਵਾ ਸਿੰਘ ਪੁੱਤਰ ਕਰਨੈਲ ਸਿੰਘ, ਗੁਰਭੇਜ ਸਿੰਘ ਪੁੱਤਰ ਕਰਨੈਲ ਸਿੰਘ, ਸੰਤ ਸਿੰਘ ਪੁੱਤਰ ਸੁਖਦੇਵ ਸਿੰਘ ਆਦਿ ਘਰਾਂ ਵਿੱਚ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਜ਼ਿਲ੍ਹਾ ਮਾਨਸਾ ਦੇ ਪਿੰਡ ਲਲੂਆਣਾ ਵਿਖੇ ਭੋਗ ਤੇ ਦਰਸ਼ਨ ਦੇਣ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਜ਼ਿਲ੍ਹਾ ਗੁਰਦਾਸਪੁਰ ਪਿੰਡ ਆਦੀਆਂ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਆਦੀਆਂ ਵਿਖੇ ਵਸਦੇ ਨਾਮਧਾਰੀ ਪੰਥ ਦੇ ਸੰਤ ਜਵਾਹਰ ਸਿੰਘ ਮਿਰਜੇਵਾਲੀਏ ਦੀ ਅੰਸ ਬੰਸ ਵਿੱਚ ਸਮੁੱਚਾ ਪਰਿਵਾਰ ਜੋ ਕਿ ਹਰ ਸਾਲ ਸੰਤ ਜਵਾਹਰ ਸਿੰਘ ਮਿਰਜੇਵਾਲੀਏ ਦੀ ਯਾਦ ਵਿੱਚ ਮੇਲਾ ਮਨਾਉਂਦੇ ਹਨ। ਇਸ ਵਾਰੀ ਸਮੁੱਚਾ ਪਰਿਵਾਰ ਨੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਸਨਮੁਖ ਹਾਜ਼ਰ ਹੋ ਅਰਜ ਕੀਤੀ ਉਹਨਾਂ ਦੇ ਪਰਿਵਾਰ ਵੱਲੋਂ ਮਨਾਏ ਜਾਂਦੇ ਇਸ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਜਰੂਰ ਦਰਸ਼ਨ ਦੇਣ ਦੀ ਕਿਰਪਾ ਕਰਨ। ਸ੍ਰੀ ਸਤਿਗੁਰੂ ਜੀ ਨੇ ਪਰਿਵਾਰ ਅਤੇ ਇਲਾਕਾ ਨਿਵਾਸੀ ਸਾਧ ਸੰਗਤ ਦੀ ਅਰਜ ਬੇਨਤੀ ਪ੍ਰਵਾਨ ਕਰਦੇ ਹੋਏ **ਮਿਤੀ 7 ਫਰਵਰੀ 2025 ਦਿਨ ਸ਼ੁਕਰਵਾਰ** ਨੂੰ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਹਿਆ ਜਲੰਧਰ ਦਸੂਹਾ ਮੁਕੇਰੀਆਂ ਹੁੰਦੇ ਹੋਏ ਗੁਰਦਾਸਪੁਰ ਸ਼ਹਿਰ ਵਿਖੇ ਸ. ਸੁਖਵਿੰਦਰ ਸਿੰਘ ਪੁੱਤਰ ਸ. ਨਿਰਮਲ ਸਿੰਘ ਮੱਲੀ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਗੁਰਦਾਸਪੁਰ ਸ਼ਹਿਰ ਤੋਂ ਚੱਲ ਕੇ ਪਿੰਡ ਆਦੀਆਂ ਵਿਖੇ ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿੱਚ ਦਰਸ਼ਨ ਦਿੱਤੇ ਤਾਂ ਜਥੇਦਾਰ ਕਮਾਲ ਸਿੰਘ ਸ੍ਰੀ ਭੈਣੀ ਸਾਹਿਬ ਆਪਣੇ ਜਥੇ ਸਮੇਤ ਦੀਵਾਨ ਸਜਾ ਰਹੇ ਸਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਤੇ ਨਿਵਾਜੇ ਸਿੱਖ ਸੰਤ ਜਵਾਹਰ ਸਿੰਘ ਮਿਰਜੇਵਾਲੀਏ ਦੇ ਜੀਵਨ ਦੀ ਕਥਾ ਸੁਣਾ ਰਹੇ ਸਨ। ਕਿਸ ਤਰ੍ਹਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੰਤਾਂ ਤੇ ਕਿਰਪਾ ਕੀਤੀ ਅਤੇ ਨਾਮ ਦੀ ਦਾਤ ਦੇ ਕੇ ਪੂਰਨ ਸੰਤ ਬਣਾ ਦਿੱਤਾ ਦੀਵਾਨ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕਰਦੇ ਹੋਏ ਹੁਕਮ ਕੀਤਾ ਕਿ ਗੁਰੂ ਨਾਨਕ ਦੀ ਸਿੱਖੀ ਇੱਕ ਜੀਵਨ ਜਾਚ ਹੈ। ਅੱਜ ਦੀ ਨੌਜਵਾਨ ਪੀੜੀ ਨੂੰ ਗੁਰਬਾਣੀ ਨਾਲ ਅਤੇ ਗੁਰ ਉਪਦੇਸ਼ ਨਾਲ ਜੁੜ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਇਲਾਕਾ ਨਿਵਾਸੀ ਸਾਧ ਸੰਗਤ ਸਮੇਤ ਸੂਬਾ ਬਲਵਿੰਦਰ ਸਿੰਘ ਚੱਕ ਯਕੂਬ ਗੁਰ ਫਤਿਹ, ਸੂਬਾ ਅਜੀਤ ਸਿੰਘ ਬਟਾਲਾ ਦੀ ਅਗਵਾਈ ਵਿੱਚ ਹੁੰਮ ਹੁਮਾ ਕੇ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਨੇ ਵਸਣ ਸਿੰਘ ਪੁੱਤਰ ਕਿਸ਼ਨ ਸਿੰਘ, ਝਰਮਲ ਸਿੰਘ ਪੁੱਤਰ ਕਿਸ਼ਨ ਸਿੰਘ, ਹਰਵਿੰਦਰ ਸਿੰਘ, ਸੇਵਾ ਸਿੰਘ ਪੁੱਤਰ ਬਾਬਾ ਸਿੰਘ, ਤਰਸੇਮ ਸਿੰਘ ਪੁੱਤਰ ਦਲੀਪ ਸਿੰਘ, ਰੁਪਿੰਦਰ ਸਿੰਘ ਪੁੱਤਰ ਸਰਦੂਲ ਸਿੰਘ, ਰਸ਼ਪਾਲ ਸਿੰਘ ਪੁੱਤਰ ਦੇਵਾ ਸਿੰਘ, ਰਘਬੀਰ ਸਿੰਘ ਪੁੱਤਰ ਉੱਤਮ ਸਿੰਘ, ਕਮਲਜੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਆਦਿ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਇਲਾਕਾ ਨਿਵਾਸੀ ਸਾਧ ਸੰਗਤ ਅਤੇ ਸਮੁੱਚੇ ਮੱਲੀ ਪਰਿਵਾਰ ਵੱਲੋਂ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਲਈ ਵਾਪਸੀ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

..................................................

## ਯਮੁਨਾ ਨਗਰ ਵਿਖੇ ਬਸੰਤ ਪੁਰਵ ਦੇ ਮੇਲੇ ਸਮੇਂ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਹਰ ਸਾਲ ਦੀ ਤਰ੍ਹਾਂ ਯਮੁਨਾ ਨਗਰ ਦੀ ਸਮੁੱਚੀ ਸਾਧ ਸੰਗਤ ਵੱਲੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੇਲਾ ਬਸੰਤ ਪੰਚਮੀ ਸ੍ਰੀ ਸਤਿਗੁਰੂ ਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ **ਮਿਤੀ 8 ਫਰਵਰੀ 2025 ਦਿਨ ਸ਼ਨੀਵਾਰ** ਨੂੰ ਸਤਿਕਾਰ ਸਹਿਤ ਮਨਾਇਆ ਗਿਆ। ਸਵੇਰੇ ਸ੍ਰੀ ਭੈਣੀ ਸਾਹਿਬ ਤੋਂ ਸਾਡੇ ਸੱਤ ਤੇ ਚੱਲ ਕੇ ਵਾਇਆ ਅੰਬਾਲਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਬਲਦੇਵ ਸਿੰਘ, ਗੁਰਮੀਤ ਸਿੰਘ ਪੁੱਤਰ ਸ. ਪਿਆਰਾ ਸਿੰਘ ਦੇ ਗ੍ਰਹਿ ਵਿਖੇ ਦਰਸ਼ਨ ਦਿੱਤੇ। ਪ੍ਰਸ਼ਾਦ ਪਾਣੀ ਛਕਣ ਉਪਰੰਤ ਕਲੋਨੀ ਯਮੁਨਾ ਨਗਰ ਦੇ ਵਿਸ਼ਾਤ ਬਖਸ਼ੀ ਪੁੱਤਰ ਸ੍ਰੀ ਭੀਸ਼ਮ ਬਖਸ਼ੀ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

ਸ੍ਰੀ ਸਤਿਗੁਰੂ ਜੀ ਨੇ ਪ੍ਰਧਾਨ ਅਮਰ ਸਿੰਘ, ਪਾਲ ਸਿੰਘ ਪੁੱਤਰ ਰਤਨ ਸਿੰਘ, ਅਮਰਜੀਤ ਕੌਰ ਪਤਨੀ ਗੁਰਦੀਪ ਸਿੰਘ, ਹੁਸ਼ਿਆਰ ਸਿੰਘ ਪੁੱਤਰ ਸੂਬਾ ਸੇਵਾ ਸਿੰਘ, ਜੋਗਿੰਦਰ ਸਿੰਘ, ਗੁਰਬਚਨ ਸਿੰਘ ਪੁੱਤਰ ਗੁਰਪ੍ਰੀਤ ਸਿੰਘ ਦੇ ਘਰ ਚਰਨ ਪੌਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪੰਡਾਲ ਵਿੱਚ ਦਰਸ਼ਨ ਦੇਣ ਦੀ ਕਿਰਪਾ ਕੀਤੀ ਤਾਂ ਜਥੇਦਾਰ ਸ੍ਰੀ ਭੈਣੀ ਸਾਹਿਬ ਤੋਂ ਜਥੇ ਸਮੇਤ ਦੀਵਾਨ ਸਜਾ ਰਹੇ ਸਨ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੁੱਚੀ ਮਾਨਵਤਾ ਲਈ ਕੀਤੇ ਪਰਉਪਕਾਰ ਸਾਧ ਸੰਗਤ ਸਾਵੇ ਪੇਸ਼ ਕਰ ਰਹੇ ਸਨ। ਦੀਵਾਨ ਉਪਰੰਤ ਹਜ਼ੂਰੀ ਰਾਗੀ ਹਰਵਿੰਦਰ ਸਿੰਘ, ਸੰਤਾ ਸਿੰਘ ਤੇ ਬਸੰਤ ਸਿੰਘ ਦਿੱਲੀ

ਨੇ ਗੁਰਬਾਣੀ ਦਾ ਕੀਰਤਨ ਕੀਤਾ। ਸ੍ਰੀ ਸਤਿਗੁਰੂ ਜੀ ਦੇ ਕਰ ਕਮਲਾਂ ਦੁਆਰਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਵੇਂ ਚੁਣੇ ਗਏ ਮੈਂਬਰ ਸ. ਜੋਗਾ ਸਿੰਘ ਦਾ ਸਨਮਾਨ ਕੀਤਾ ਗਿਆ। ਲੰਗਰ ਦੀ ਸੇਵਾ ਕਰਨ ਵਾਲੀਆਂ ਬੀਬੀਆਂ ਦੇ ਜਥੇ ਅਤੇ ਸ. ਸੁਖਵਿੰਦਰ ਸਿੰਘ ਨੂੰ ਸਨਮਾਨਿਤ ਕੀਤਾ ਗਿਆ। ਕੀਰਤਨ ਦੀ ਸਮਾਪਤੀ ਉਪਰੰਤ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ ਗਈ ਅਤੇ ਵਾਪਸੀ ਸਮੇਂ ਸ੍ਰੀ ਸਤਿਗੁਰੂ ਜੀ ਨੇ ਸੂਬਾ ਬਲਦੇਵ ਸਿੰਘ ਜਮੁਨਾ ਨਗਰ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਸ਼. ਰਘਬੀਰ ਸਿੰਘ ਪੁੱਤਰ ਸੋਹਣ ਸਿੰਘ ਦੇ ਘਰ ਵੀ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਇਸ ਤਰ੍ਹਾਂ ਯਮੁਨਾ ਨਗਰ ਦੀ ਸਾਧ ਸੰਗਤ ਨੂੰ ਖੁਸ਼ੀਆਂ ਬਖਸ਼ਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਲਈ ਵਾਪਸੀ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

........................................................

## ਪਿੰਡ ਘਣੀਆਂ ਢਿੱਲਵਾਂ ਅਤੇ ਨਥਾਣਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਮਾਲਵਾ ਇਲਾਕਾ ਦੇ ਸੂਬਾ ਇੰਦਰਜੀਤ ਸਿੰਘ ਮੱਲ ਅਤੇ ਸੂਬਾ ਬਲਬੀਰ ਸਿੰਘ ਢਿਲੂਆਂ ਵੱਲੋਂ ਸ੍ਰੀ ਸਤਿਗੁਰੂ ਜੀ ਨੂੰ ਅਰਜ ਕਰਨ ਤੇ ਸ੍ਰੀ ਸਤਿਗੁਰੂ ਜੀ ਨੇ **ਮਿਤੀ 10 ਫਰਵਰੀ 2025 ਦਿਨ ਸੋਮਵਾਰ** ਨੂੰ ਸ਼੍ਰੀ ਭੈਣੀ ਸਾਹਿਬ ਤੋਂ ਚੱਲ ਕੇ ਜ਼ਿਲ੍ਹਾ ਬਠਿੰਡਾ ਅਧੀਨ ਪੈਂਦੇ ਡੇਰਾ ਜਲਾਲ ਵਿਖੇ ਬ੍ਰਹਮਪੁਰੀ ਸੁਆਮੀ ਸ਼ਾਸਤਰੀ ਜੀ ਦੇ ਡੇਰੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਡੇਰੇ ਦੀ ਸੰਗਤ ਤੇ ਸੁਆਮੀ ਬ੍ਰਹਮ ਪੁਨੀ ਜੀ ਵੱਲੋਂ ਫੁੱਲਾਂ ਦੇ ਹਾਰ ਪਾ ਕੇ ਸ੍ਰੀ ਸਤਿਗੁਰੂ ਜੀ ਦਾ ਸਵਾਗਤ ਕੀਤਾ ਗਿਆ। ਕੁਝ ਸਮਾਂ ਬੈਠ ਕੇ ਬਚਨ ਬਿਲਾਸ ਕਰਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਵਿਦਾਇਗੀ ਲਈ ਅਤੇ ਜ਼ਿਲ੍ਹਾ ਫਰੀਦਕੋਟ ਦੇ ਪਿੰਡ ਘਣੀਆਂ ਵਿਖੇ ਨੈਬ ਸਿੰਘ ਦੇ ਘਰ ਅਖੰਡ ਪਾਠ ਦੇ ਭੋਗ ਸਮੇਂ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤਾ। ਦੋ ਅਖੰਡ ਪਾਠਾਂ ਦੇ ਭੋਗ ਪਰਿਵਾਰ ਵੱਲੋਂ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਏ ਗਏ। ਕਵੀਸ਼ਰ ਗੁਰਸੇਵਕ ਸਿੰਘ ਭੈਣੀ ਸਾਹਿਬ ਨੇ ਦੀਵਾਨ ਸਜਾਇਆ।

ਇੱਥੋਂ ਹੀ ਵਾਪਸੀ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਪਿੰਡ ਟਲਪਾਲੀ ਜਿਲ੍ਹਾ ਬਠਿੰਡਾ ਦੇ ਪਿੰਡ ਜਿੱਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹਜ਼ੂਰੀ ਡਰਾਈਵਰ ਸੰਤ ਲਾਲ ਸਿੰਘ ਦੇ ਪਰਿਵਾਰ ਵੱਲੋਂ ਮੇਲਾ ਮਨਾਇਆ ਜਾ ਰਿਹਾ ਸੀ। ਜਿਸ ਵਿੱਚ ਸ. ਬਲਦੇਵ ਸਿੰਘ ਰਾਮਪੁਰਾ ਫੂਲ ਅਤੇ ਨਿਰੰਜਨ ਸਿੰਘ ਮੰਡੀ ਦਾ ਵਿਸ਼ੇਸ਼ ਯੋਗਦਾਨ ਸੀ।

ਜਥੇ. ਹਰਪਾਲ ਸਿੰਘ ਭੈਣੀ ਸਾਹਿਬ ਨੇ ਦੀਵਾਨ ਸਜਾਇਆ ਅਤੇ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ। ਸਮੁੱਚੇ ਪਰਿਵਾਰ ਵੱਲੋਂ ਅੱਜ ਦਾ ਮੇਲਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੀ ਮੇਲੇ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਜ਼ਿਲ੍ਹਾ ਬਰਨਾਲਾ ਦੇ ਪਿੰਡ ਢਿੱਲਵਾਂ ਵਿਖੇ ਬੀਬੀ ਜਸਮੇਲ ਕੌਰ ਪਤਨੀ ਗੁਰਮੇਲ ਸਿੰਘ ਦੇ ਚੜ੍ਹਾਈ ਕਰਨ ਅਤੇ ਪਰਮਜੀਤ ਸਿੰਘ ਲਾਭ ਸਿੰਘ ਪੁੱਤਰ ਗੁਰਦਿਆਲ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰਾਂ ਨੂੰ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ। ਸ. ਸੁਖਦੇਵ ਸਿੰਘ ਸੁਮੇਲ ਸਿੰਘ ਪੁੱਤਰ ਮਹਿੰਦਰ ਸਿੰਘ, ਪਾਲਾ ਸਿੰਘ ਪੁੱਤਰ ਗੁਰਦਿਆਲ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਇਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਜ਼ਿਲਾ ਬਠਿੰਡਾ ਦੇ ਪਿੰਡ ਨਥਾਣਾ ਵਿਖੇ ਕਾਕਾ ਜਸ਼ਨਦੀਪ ਸਿੰਘ ਪੁੱਤਰ ਰਜਿੰਦਰ ਸਿੰਘ ਪੁੱਤਰ ਰੂਪ ਸਿੰਘ ਦੀ ਸੇਧ ਦਾ ਹਾਲ ਚਾਲ ਪੁੱਛਿਆ ਜੋ ਕਿ ਬਿਮਾਰ ਸੀ। ਜਗਸੀਰ ਸਿੰਘ ਪੁੱਤਰ ਜਗਰੂਪ ਸਿੰਘ ਦੇ ਘਰ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਲਈ ਵਾਪਸੀ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

........................................................

## ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਸ੍ਰੀ ਭੈਣੀ ਸਾਹਿਬ ਪਧਾਰੇ

ਪੰਜਾਬ ਵਿਚ ਮੌਜੂਦਾ ਰਾਜ ਕਰ ਰਹੀ ਪਾਰਟੀ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਵਿਧਾਨ ਸਭਾ ਦੀ ਸਮੁੱਚੀ ਕਾਰਵਾਈ ਨੂੰ ਚਲਾਉਣ ਵਾਲੇ ਸੁਘੜ ਸਿਆਣੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਅੱਜ ਮਿਤੀ 12 ਮਈ 2025 ਦਿਨ ਸੋਮਵਾਰ ਨੂੰ ਉਚੇਚੇ ਤੌਰ ਤੇ ਸ੍ਰੀ ਭੈਣੀ ਸਾਹਿਬ ਵਿਖੇ ਨਤਮਸਤਕ ਹੋਣ ਅਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਰਸ਼ਨ ਕਰਨ ਲਈ ਪਧਾਰੇ ਕਿਉਂਕਿ ਅੱਜ ਸ੍ਰੀ ਭੈਣੀ ਸਾਹਿਬ ਵਿਖੇ ਵਿਸ਼ਵ ਸ਼ਾਂਤੀ ਅਤੇ ਸਰਬੱਤ ਦੇ ਭਲੇ ਲਈ ਪਾਵਨ ਪਵਿੱਤਰ ਗੁਰਬਾਣੀ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਭੋਗ ਸਮਾਗਮ ਸੀ ਜੋ ਸਤਿਕਾਰ

ਯੋਗ ਬਾਬਾ ਰਾਜਾ ਸਿੰਘ ਜੀ ਕਾਲਝਰਾਨੀ ਵਾਲਿਆਂ ਵਲੋਂ ਇਕੋ ਝੌਂਕੜੇ ਵਿਚ ਲਗਾਤਾਰ ਨਿਰੰਤਰ 48 ਘੰਟਿਆਂ ਵਿਚ ਕੀਤਾ ਗਿਆ ਸੀ। ਸ. ਕੁਲਤਾਰ ਸਿੰਘ ਸੰਧਵਾਂ ਇਕ ਨਿਮਾਣੇ ਸਿੱਖ ਵਜੋਂ ਇਸ ਸਮਾਗਮ ਸਮੇਂ ਹਾਜ਼ਰ ਹੋਏ। ਇਹ ਹਿ ਉਹਨਾਂ ਦਾ ਵੱਡਾਪਣ ਹੈ। ਨਿਮਰਤਾ ਅਤੇ ਸਾਧਗੀ ਉਹਨਾਂ ਦੇ ਜੀਵਨ ਦਾ ਹਿੱਸਾ ਹੈ। ਸ. ਕੁਲਤਾਰ ਸਿੰਘ ਸੰਧਵਾਂ ਨੇ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਸਾਹਿਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾਂ ਤੇ ਨਮਸਕਾਰ ਕੀਤੀ। ਕਾਫੀ ਲੰਬਾ ਸਮਾਂ ਗੁਰਸਿੱਖੀ ਵਿਚਾਰ ਵਟਾਦਰੇ ਅਤੇ ਦੇਸ਼ ਅਤੇ ਪੰਜਾਬ ਦੇ ਮੌਜੂਦਾ ਹਲਾਤ ਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਕੁਝ ਸਮਾਂ ਰੁਕਣ ਉਪਰੰਤ ਸਪੀਕਰ ਸਾਹਿਬ ਨੇ ਪ੍ਰਸ਼ਾਦ ਪਾਣੀ ਛਕਣ ਬਾਅਦ ਵਾਪਸ ਜਾਣ ਦੀ ਇਜ਼ਾਜਤ ਮੰਗੀ। ਇਸ ਸਮੇਂ ਸ. ਸੁੰਦਰ ਸਿੰਘ ਹੰਸਪਾਲ ਜੋ ਕਿ ਸਵ: ਹਰਵਿੰਦਰ ਸਿੰਘ ਹੰਸਪਾਲ ਜੀ ਦੇ ਪੋਤਰੇ ਹਨ ਉਹ ਵੀ ਹਾਜ਼ਰ ਸਨ।

**ਸੂਬਾ ਬਲਵਿੰਦਰ ਸਿੰਘ ਝੱਲ**

## ਧੀਆਂ ਪ੍ਰਤੀ ਮਾਨਸਿਕਤਾ ਬਦਲੋ– ਸ੍ਰੀ ਸਤਿਗੁਰੂ ਉਦੇ ਸਿੰਘ ਜੀ

**10 ਮਈ 2025** ਨੂੰ ਲੁਧਿਆਣੇ ਦੀ ਸਾਧ ਸੰਗਤ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੇ ਦਰਸ਼ਨ ਕਰਨ ਬਾਗ ਵਾਲੀ ਕੋਠੀ ਵਿੱਚ ਪੁੱਜੀ। ਸਤਿਗੁਰੂ ਜੀ ਦੇ ਹੁਕਮ ਨਾਲ ਲੁਧਿਆਣੇ ਦੇ ਨੌਜਵਾਨਾਂ ਨੇ ਪਿਛਲੇ ਸਮੇਂ ਦੌਰਾਨ ਇਕੱਤਰ ਕੀਤਾ ਨਾਮਧਾਰੀ ਪਰਿਵਾਰਾਂ ਦਾ ਡਾਟਾ ਦਿਖਾਇਆ। ਇਸ ਵਿੱਚ ਕੁਝ ਤਰੁੱਟੀਆਂ ਸਨ ਜਿਸ ਨੂੰ ਸੁਧਾਰਨ ਲਈ ਆਪ ਜੀ ਨੇ ਹੁਕਮ ਕੀਤਾ। ਨਾਲ ਹੀ ਇਹ ਉਪਦੇਸ਼ ਸਾਰੀ ਸੰਗਤ ਨੂੰ ਕੀਤਾ ਧੀਆਂ ਪ੍ਰਤੀ ਜੋ ਪੁਰਾਣੀ ਮਾਨਸਿਕਤਾ ਹੈ ਉਸ ਨੂੰ ਤਿਆਗੋ। ਧੀਆਂ ਤੇ ਪੁੱਤਰਾਂ ਵਿੱਚ ਕੋਈ ਫ਼ਰਕ ਨਹੀਂ ਹੁੰਦਾ। ਆਪਣੀ ਸੰਗਤ ਵਿਚ ਇਹ ਪ੍ਰਚਾਰ ਕਰੋ। ਸਾਰੀ ਸੰਗਤ ਨੇ ਸਤਿਬਚਨ ਕੀਤਾ। ਸ੍ਰੀ ਸਤਿਗੁਰੂ ਜੀ ਨੇ ਦੂਜਾ ਹੁਕਮ ਨੌਜਵਾਨਾਂ ਨੂੰ ਕੀਤਾ ਕਿ ਆਪਣਾ ਕੋਈ ਵੀ ਨਾਮਧਾਰੀ ਪਰਿਵਾਰ ਆਰਥਿਕ ਮੰਦਹਾਲੀ ਦਾ ਸ਼ਿਕਾਰ ਹੋਵੇ ਤਾਂ ਉਸ ਦੀ ਮਦਦ ਕਰਿਆ ਕਰੋ। ਸੇਵਕ ਆਸਾ ਸਿੰਘ ਵੱਡੀ ਬਾਲਟੀ ਨੁਮਾ ਡੱਬਾ ਡਰਾਈ ਫਰੂਟ ਦਾ ਰਸੋਈ ਵਿਚੋਂ ਲੈ ਕੇ ਆਇਆ ਸਤਿਗੁਰੂ ਜੀ ਨੇ ਦੋਵੇਂ ਹੱਸਤ ਕਮਲਾਂ ਨਾਲ ਬੁੱਕ ਭਰ-ਭਰ ਸਭ ਨੂੰ ਡਰਾਈ ਫਰੂਟ ਵੰਡਿਆ।

**ਸੰਪਾਦਕ**

## ਬਾਬਾ ਰਾਜਾ ਸਿੰਘ ਕਾਲਝਰਾਣੀ ਨੇ ਇਕ ਚੌਂਕੜੇ ਵਿਚ ਕੀਤਾ ਅਖੰਡ ਪਾਠ

12 ਮਈ ਨੂੰ ਸ੍ਰੀ ਭੈਣੀ ਸਾਹਿਬ ਦੀ ਤਪੋ ਭੂਮੀ 'ਤੇ ਇਕ ਵਿਲੱਖਣ ਅਖੰਡ ਪਾਠ ਹੋਇਆ। ਇਹ ਅਖੰਡ ਪਾਠ ਬਾਬਾ ਰਾਜਾ ਸਿੰਘ ਕਾਲਝਰਾਣੀ ਨੇ ਇਕੋਂ ਚੌਂਕੜੇ ਵਿਚ ਕੀਤਾ। ਦਸ ਮਈ ਨੂੰ ਇਹ ਪਾਠ ਦੱਸ ਵਜੇ ਆਰੰਭ ਹੋਇਆ ਅਤੇ 12 ਮਈ ਨੂੰ ਸਵੇਰੇ 7 ਵਜੇ ਭੋਗ ਪਾਇਆ ਗਿਆ। ਬਾਬਾ ਰਾਜ ਸਿੰਘ ਜੀ ਇਸ ਪਾਠ ਦੌਰਾਨ ਇਕੋ ਚੌਂਕੜੇ ਵਿਚ ਲਗਾਤਾਰ ਬੈਠੇ ਰਹੇ। ਇਹ ਅਭਿਆਸ ਉਹਨਾਂ ਨੇ ਕਾਫ਼ੀ ਲੰਬੇ ਸਮੇਂ ਤੋਂ ਕੀਤਾ ਹੋਇਆ ਹੈ। ਇਸ ਤਰ੍ਹਾਂ ਇਕੋਂ ਚੌਂਕੜੇ ਵਿਚ ਉਹਨਾਂ ਦਾ 13 ਵਾਂ ਅਖੰਡ ਪਾਠ ਸੀ। ਪਾਠ ਤੋਂ ਪਹਿਲਾਂ ਉਹ ਖਾਣ ਪੀਣ ਦਾ ਸੰਜਮ ਵਰਤਦੇ ਹਨ ਤਾਂ ਕਿ ਕਿਸੇ ਤਰ੍ਹਾਂ ਦੀ ਕੋਈ ਹਾਜਤ ਨਾ ਹੋਵੇ। ਪਾਠ ਦੌਰਾਨ ਉਹ ਪਾਣੀ ਤੱਕ ਨਹੀਂ ਪੀਦੇ ਲਗਾਤਾਰ ਪਾਠ ਕਰਦੇ ਰਹਿੰਦੇ ਹਨ। ਇਹ ਇਕ ਕਰੜੀ ਤਪੱਸਿਆ ਹੈ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਪਾਠ ਦਾ ਭੋਗ ਪਾਇਆ ਗਿਆ। ਇਸ ਮੌਕੇ ਨਿਹੰਗ ਸਿੰਘ ਜਥੇਬੰਦੀ, ਬਾਬਾ ਸਾਹਿਬ ਸਿੰਘ ਵੈਦ ਨਿਰਮਲ ਪੰਥ, ਗਿਆਨੀ ਜਸਵੀਰ ਸਿੰਘ ਕੁਹਾਲੇਵਾਲੇ ਉਚੇਚੇ ਤੌਰੇ 'ਤੇ ਪੁੱਜੇ ਸੀ। ਪਾਠ ਦੇ ਭੋਗ ਤੋਂ ਬਾਅਦ ਨਿਹੰਗ ਸਿੰਘ ਨੇ ਸ਼ਹੀਦੀ ਬੁੰਗੇ ਦੇ ਸਥਾਨ 'ਤੇ ਸ਼ਹੀਦੀ ਦੇਗਾ ਰਗੜੀਆਂ।

**ਸੰਪਾਦਕ**

## ਬੀਬੀ ਬਲਵਿੰਦਰ ਕੌਰ ਜੀ ਦਾ ਅਕਾਲ ਚਲਾਣਾ

ਬੀਬੀ ਬਲਵਿੰਦਰ ਕੌਰ ਜੀ ਕੁਝ ਸਮਾਂ ਪਹਿਲਾਂ ਅਕਾਲ ਚਲਾਣਾ ਕਰ ਗਏ।ਬੀਬੀ ਬਲਵਿੰਦਰ ਕੌਰ ਜੀ ਨੂੰ ਦਮਦਮਾ (ਹਰਿਆਣਾ) ਨਿਵਾਸੀ ਸੰਤ ਜਰਨੈਲ ਸਿੰਘ ਤੇ ਮਾਤਾ ਜਸਵਿੰਦਰ ਕੌਰ ਦੀ ਧੀ ਅਤੇ ਸੰਤ ਲਖਵੀਰ ਸਿੰਘ ਤੇ ਸੰਤ ਕਸ਼ਮੀਰ ਸਿੰਘ ਦੀ ਭੈਣ ਹੋਣ ਦਾ ਮਾਣ ਪ੍ਰਾਪਤ ਸੀ। ਜਦੋਂ ਵੱਡੇ ਹੋਏ ਤਾਂ ਆਪ ਜੀ ਦਾ ਸੰਜੋਗ ਸੰਤ ਪ੍ਰੀਤਮ ਸਿੰਘ ਜੀ ਰੁੜਕਾ ਖੁਰਦ (ਜ਼ਿਲ੍ਹਾ-ਜਲੰਧਰ) ਦੇ ਇਕਲੌਤੇ ਪੁੱਤਰ ਦਲਜੀਤ



ਬਹਾਦਰ ਸਿੰਘ ਨਾਲ ਬਣਿਆ। ਸੰਤ ਪ੍ਰੀਤਮ ਸਿੰਘ ਜੀ ਦਾ ਪਰਿਵਾਰ ਵੀ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਦਾ ਪਾਤਰ ਸੀ ਕਿਉਕਿ ਘਰ ਵਿੱਚ ਖੁਸ਼ਹਾਲੀ ਸੀ ਤੇ ਪਰਿਵਾਰ ਦਾ ਮਨ ਵੀ ਘਰ ਆਏ ਸਿੱਖਾਂ ਸਾਧਾਂ ਲਈ ਸਦਾ ਹੀ ਖੁੱਲਾ ਰਹਿੰਦਾ ਸੀ। ਸੋ ਸਿੱਖ ਸਾਧ ਅਕਸਰ ਇਹਨਾਂ ਦੇ ਘਰ ਡੇਰਾ ਕਰਦੇ ਤੇ ਕਈ ਕਈ ਦਿਨ ਦੀਵਾਨ ਸਜਦੇ ਰਹਿੰਦੇ। ਪੇਕੇ ਪਰਿਵਾਰ ਤੋਂ ਮਿਲੀ ਪ੍ਰੇਮ ਪਿਆਰ ਤੇ ਸੇਵਾ ਸਿਮਰਨ ਦੀ ਗੁੜਤੀ ਅਤੇ ਸਹੁਰੇ ਪਰਿਵਾਰ ਦਾ ਵੀ ਗੁਰਸਿੱਖੀ ਵਿੱਚ ਪਰਪੱਕ ਹੋਣਾ ਬੀਬੀ ਬਲਵਿੰਦਰ ਕੌਰ ਦੇ ਮਿਠ-ਬੋਲੜੇ ਤੇ ਨਿਮਰਤਾ ਭਰੇ ਸੁਭਾਅ ਵਾਲੇ ਹੋਣ ਦਾ ਪ੍ਰਮੁੱਖ ਕਾਰਨ ਸੀ। ਇਸੇ ਕਰਕੇ ਜਿਹੜਾ ਵੀ ਉਹਨਾਂ ਦੇ ਸੰਪਰਕ ਵਿੱਚ ਆਉਂਦਾ ਉਸ ਨੂੰ ਉਹ ਆਪਣੇ ਸਕਿਆਂ ਵਾਂਗ ਹੀ ਸਮਝਦੇ। ਉਹਨਾਂ ਦਾ ਆਪਣੀ ਸੱਸ-ਮਾਂ ਬੀਬੀ ਗੁਰਦੀਪ ਕੌਰ ਨਾਲ ਮਾਵਾਂ ਧੀਆਂ ਵਾਲਾ ਰਿਸ਼ਤਾ ਸੀ। ਬੀਬੀ ਬਲਵਿੰਦਰ ਕੌਰ ਜੀ ਇਕ ਚੰਗੀ ਧੀ, ਇਕ ਚੰਗੀ ਭੈਣ, ਇਕ ਚੰਗੀ ਪਤਨੀ, ਇਕ ਸੁਚੱਜੀ ਨੂੰਹ ਤੇ ਇਕ ਨੇਕ ਇਸਤਰੀ ਦੀ ਭੂਮਿਕਾ ਨਿਭਾ ਕੇ ਇਸ ਸੰਸਾਰ ਤੋਂ ਗਏ ਹਨ। ਬੀਬੀ ਜੀ ਦੇ ਬੇਟੇ ਭੁਪਿੰਦਰ ਸਿੰਘ, ਦਵਿੰਦਰ ਸਿੰਘ ਤੇ ਬੇਟੀਆਂ ਕੁਲਜੀਤ ਕੌਰ ਤੇ ਸਰਨਜੀਤ ਕੌਰ ਤੇ ਨੂੰਹਾਂ ਜਸਬੀਰ ਕੌਰ ਤੇ ਨਵਨੀਤ ਕੌਰ ਸਭ ਬੀਬੀ ਬਲਵਿੰਦਰ ਕੌਰ ਵਰਗੇ ਸੁਭਾਅ ਦੇ ਮਾਲਕ ਤੇ ਸਤਿਗੁਰੂ ਜੀ ਦੇ ਚਰਨਾ ਦੇ ਪ੍ਰੀਤਵਾਨ ਹਨ। ਬੀਬੀ ਬਲਵਿੰਦਰ ਕੌਰ ਜੀ ਦਾ ਭੋਗ ਉਹਨਾਂ ਦੇ ਪਿੰਡ ਬਾਬਾ ਬਸਾਓਣ ਜੀ ਦੇ ਅਸਥਾਨ ਦੇ ਵੱਡੇ ਹਾਲ ਵਿੱਚ ਪਾਇਆ ਗਿਆ। ਭੋਗ ਸਮੇਂ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਵਾਲਿਆਂ ਨੇ ਸਮਾਜ ਵਿੱਚ ਇਸਤਰੀ ਦੇ ਦਰਜੇ ਦੀ ਵਿਸ਼ੇਸ਼ਤਾ ਦੱਸਕੇ ਬੀਬੀ ਜੀ ਦੇ ਜੀਵਨ ਤੇ ਵਿਸਥਾਰ ਸਹਿਤ ਚਾਨਣਾਂ ਪਾਉਂਦਿਆਂ ਬਹੁਤ ਹੀ ਪ੍ਰਭਾਵਸ਼ਾਲੀ ਦੀਵਾਨ ਸਜਾਇਆ ਤੇ ਵੱਡੀ ਗਿਣਤੀ ਵਿੱਚ ਹਾਜ਼ਰ ਸੰਗਤਾਂ ਨੂੰ ਸਤਿਗੁਰੂ ਜੀ ਦੇ ਹੁਕਮਾਂ ਅਤੇ ਗੁਰਬਾਣੀ ਅਨੁਸਾਰ ਆਪਣਾ ਜੀਵਨ ਜੀਊਣ ਦੀ ਪ੍ਰੇਰਣਾ ਦਿੱਤੀ। ਸੂਬਾ ਹਰਜੀਤ ਸਿੰਘ ਮੁਠੱਡਾ, ਸੰਤ ਗੁਰਮੀਤ ਸਿੰਘ ਪ੍ਰਧਾਨ ਸੰਗਤ ਗੁਰਾਇਆਂ ਤੇ ਇਲਾਕੇ ਦੀਆਂ ਸੰਗਤਾਂ ਨੇ ਵੀ ਵੱਡੀ ਗਿਣਤੀ ਵਿੱਚ ਭੋਗ ਸਮੇਂ ਹਾਜ਼ਰੀ ਭਰੀ।

**ਸੂਬਾ ਜਸਵੀਰ ਸਿੰਘ**

.................................................

## ਸੰਤ ਵੀਰ ਸਿੰਘ ਜੀ ਨਹੀਂ ਰਹੇ

ਯਮੁਨਾ ਨਗਰ- ਨਾਮਧਾਰੀ ਧਰਮਸ਼ਾਲਾ ਪੁਰਾਨਾ ਹਮੀਦਾ ਵਿਖੇ ਸੰਤ ਵੀਰ ਸਿੰਘ ਜੀ ਨਮਿੱਤ ਰੱਖੇ ਸਧਾਰਨ



ਪਾਠ ਦਾ ਭੋਗ ਪਾਇਆ ਗਿਆ ਜੋ ਕਿ ਕੁਝ ਦਿਨ ਪਹਿਲਾ ਸਰੀਰਕ ਤੌਰ 'ਤੇ ਢਿਲੇ ਹੋਏ ਸੀ ਆਪਣੀ ਜੀਵਨ ਯਾਤਰਾ ਪੂਰੀ ਕਰਕੇ ਅਕਾਲ ਪੁਰਖ ਦੇ ਚਰਨਾ ਵਿਚ ਜਾ ਬਿਰਾਜੇ ਸੰਤ ਵੀਰ ਸਿੰਘ ਜੀ ਉਹਨਾਂ ਗੁਰਸਿੱਖਾ ਵਿਚੋਂ ਸਨ ਜਿਨ੍ਹਾਂ ਨੇ ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਤੇ ਵਰਤਮਾਨ ਹਾਜ਼ਰ ਨਾਜ਼ਰ ਸਤਿਗੁਰੂ ਉਦੇ ਸਿੰਘ ਜੀ ਦੇ ਚਰਨਾ ਦੀ ਛੋਹ ਪ੍ਰਾਪਤ ਕੀਤੀ ਹੋਈ ਸੀ। ਸੰਤ ਜੀ ਨੇ ਆਪਣੇ ਜੀਵਨ ਦਾ ਬਹੁਤਾ ਸਮਾਂ ਯਮਨਾ ਨਗਰ ਵਿਚ ਗੁਜਾਰਿਆ ਤੇ ਥੋੜਾ ਜਿਹਾ ਸਮਾਂ ਆਪਣੇ ਛੋਟੇ ਪੁੱਤਰ ਕੋਲ ਜੋ ਕਿ ਬਤੀਤ ਕੀਤਾ ਪਰ ਅਖੀਰਲਾ ਸਮਾਂ ਫਿਰ ਯਮੁਨਾ ਨਗਰ ਆਪਣੇ ਵੱਡੇ ਸਪੁੱਤਰ ਸੰਪੂਰਨ ਸਿੰਘ ਕੋਲ ਗੁਜਾਰਿਆ ਤੇ ਇਥੇ ਜੀਵਨ ਯਾਤਰਾ ਪੂਰੀ ਕੀਤੀ। ਸੰਤ ਜੀ ਆਪਣੇ ਪੰਜ ਭਰਾਵਾਂ ਤੇ ਤਿੰਨ ਭੈਣਾ ਤੋਂ ਸਭ ਤੋਂ ਛੋਟੇ ਸੀ। ਸੰਤ ਵੀਰ ਸਿੰਘ ਨਾਮਧਾਰੀ ਜਥੇ ਦੇ ਮੈਂਬਰ ਸਨ। ਸੰਤਾ ਨਮਿਤ ਰੱਖੇ ਮੇਲੇ ਵਿਚ ਜਥੇਦਾਰ ਸੂਬਾ ਅਜੀਤ ਸਿੰਘ ਬਟਾਲਾ ਨੇ ਦੀਵਾਨ ਸਜਾਈਆ। ਗੁਰਚਰਨ ਸਿੰਘ ਨੇ ਸੰਤਾ ਬਾਰੇ ਸਾਧ ਸੰਗਤ ਨੂੰ ਦੱਸਿਆ। ਉਪਰੰਤ ਸੂਬਾ ਬਲਦੇਵ ਸਿੰਘ ਨੇ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ ਤੇ ਆਈ ਸਾਧ ਸੰਗਤ ਦਾ ਧੰਨਵਾਦ ਕੀਤਾ ਤੇ ਸੰਤ ਸੰਪੂਰਨ ਸਿੰਘ ਜੋ ਵੱਡੇ ਹਨ ਨੂੰ ਦਸਤਾਰ ਸਜਾਈ ਗਈ।

**ਗੁਰਚਰਨ ਸਿੰਘ**

.................................................

## Namdhari Sangat Ireland Attends Ustad Shakir Khan's Concert in Limerick

Namdhari Sangat Ireland had the delightful opportunity to be part of a rare and soul-stirring Indian classical music concert featuring the eminent Ustad Shakir Khan at the Belltable Theatre in Limerick — the first-ever Indian classical music event held in the city. Encouraged by the divine bachan of Sri



Satguru Uday Singh Ji, a group of 20 members of the sangat came together to attend this special occasion. The event was organized by the Indian Classical Music Society of Ireland and was attended by over 100 people, a testament to the growing appreciation for Indian heritage and music in Ireland.

Ustad Shakir Khan Ji, a renowned sitar maestro delivered a mesmerizing performance. He was accompanied on tabla by Debojyoti Sanyal and Rupak Kumar Pandit, both highly respected and talented artists in the field of Indian classical percussion. Before the concert, members of the Namdhari Sangat had the honour of hosting Ustad Ji and the accompanying artists at the residence of S. Paramjit Singh Neote Ji.

This warm gesture was an effort to strengthen ties with the artists and offer our support for the Indian classical music tradition here in Ireland. The concert itself offered a rare cultural experience on Irish soil, deeply appreciated by all attendees. The vibrations of the music echoed with purity and grace, leaving an indelible impression on the hearts of those present.

The evening was not only musically enriching but also a beautiful moment of cultural connection and heartfelt sangat. Events like these inspire us to deepen our roots while building bridges across borders through the universal language of music. May Sachepatshah Ji bless our efforts to continue supporting and sharing such divine art forms in our local and global communities.

**Balwant Kaur**

## ਹਿਮਾਚਲ ਦੌਰਾ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਅਤੇ ਮਾਤਾ ਗੁਰਸ਼ਰਨ ਕੌਰ ਜੀ ਸਵੇਰੇ 5:15 ਸ੍ਰੀ ਭੈਣੀ ਸਾਹਿਬ ਤੋਂ ਰੋਪੜ ਮੰਡੀ ਤੋਂ ਬਾਈਪਾਸ ਹੁੰਦੇ ਹੋਏ 9:30 ਵਜੇ ਸ. ਜਗਦੀਸ ਸਿੰਘ ਜੀ ਦੇ ਘਰ ਪਹੁੰਚੇ ਲੰਗਰ ਤਿਆਰ ਸੀ ਛਕ ਕੇ ਫਾਰਮ 10:30 ਪਹੁੰਚੇ। ਉਥੋਂ ਤਕਰੀਬਨ 12 ਵਜੇ ਰਸਤੇ ਵਿਚ ਆਉਂਦੇ ਪੁੱਲ ਤੇ ਰੁੱਕ ਇੰਦਰਪਾਲ ਸਿੰਘ ਜੀ ਦੇ ਘਰ ਚਰਨ ਪਾਏ। ਉਥੋਂ ਸਤਿਗੁਰੂ ਜੀ ਪੈੜੀ ਫਾਰਮ ਤੋਂ ਨੇਰ ਚੌਂਕ ਹੁੰਦੇ ਹੋਏ 4 ਵਜੇ ਮੰਡੀ ਉਡੀਕ ਰਹੀਆਂ ਸੰਗਤਾਂ ਨੂੰ ਦਰਸ਼ਨ ਦਿਤੇ। ਥੱਲੇ ਦਰਿਆ ਵਾਲੇ ਪਾਸੇ ਜੋ ਜਗ੍ਹਾ ਮਿੱਟੀ ਪਾ ਕੇ ਬਰਾਬਰ ਕਰ ਦਿੱਤੀ ਹੈ, ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਇਥੇ ਫੁੱਟਬਾਲ ਗਰਾਉਂਡ ਤੇ ਆੜੂ ਦੇ ਬੂੱਟੇ ਲਾਏ ਜਾਣ। ਨਵੀਂ ਬਿਲਡਿੰਗ ਵਿੱਚ ਸੰਗਤ ਨੂੰ ਦਰਸ਼ਨ ਦਿੱਤੇ। ਨਿਤਨੇਮ ਤੋਂ ਉਪਰੰਤ 6:30 ਤੋਂ 7:30 ਤੱਕ ਕੀਰਤਨ ਹੋਇਆ। ਨਰੈਣ ਕੌਰ, ਕਰਤਾਰ ਸਿੰਘ, ਗੰਗਾ ਸਿੰਘ, ਗਗਨ ਦੀਪ, ਹਰਨਾਮ ਸਿੰਘ, ਗੁਰਦੇਵ ਕੌਰ ਤੇ ਸੁਰਿੰਦਰ ਕੌਰ ਨੇ ਕੀਤਾ।

ਉਪਰੰਤ ਸੂਬਾ ਸਾਧਾ ਸਿੰਘ ਨੇ ਅਰਦਾਸ ਕੀਤੀ। ਸਟੇਜ ਦੀ ਸੇਵਾ ਮਹਿੰਦਰ ਸਿੰਘ ਨੇ ਕੀਤੀ। ਜੋ ਵਿਦਿਅਕ ਜਥੇ ਦੇ ਮੈਂਬਰ ਹਨ। ਅਰਦਾਸ ਤੋਂ ਬਾਅਦ ਸਤਿਗੁਰੂ ਜੀ ਨੇ ਤਕਰੀਬਨ 100 ਬੱਚਿਆਂ ਨੂੰ ਅੰਬਾ ਦਾ ਪ੍ਰਸ਼ਾਦ ਆਪਣੇ ਕਰ ਕਮਲਾ ਨਾਲ ਵੰਡਣ ਕਿਰਪਾ ਕੀਤੀ। ਸਾਰੀ ਸੰਗਤ ਵਾਸਤੇ ਲੰਗਰ ਤਿਆਰ ਸੀ ਲੰਗਰ ਅਟੁੱਟ ਵਰਤਾਇਆ ਗਿਆ। ਸਤਿਗੁਰੂ ਜੀ ਨੇ ਕੋਠੀ ਵਿਚ ਕੁਝ ਸਰੀਰਾ ਦੀਆਂ ਅਰਜ਼ਾ ਸੁਣੀਆ ਤੇ ਫਿਰ ਆਰਾਮ ਕੀਤਾ। ਸਵੇਰੇ ਆਸਾ ਦੀ ਵਾਰ 4:30 ਤੋਂ 5:15 ਤੱਕ ਬੀਬੀ ਰਤਨ ਕੌਰ, ਧਰਮ ਕੌਰ, ਰਜਨੀ ਕੌਰ, ਕਾਕਾ ਗਿਆਨ ਸਿੰਘ ਗਗਨਦੀਪ ਕੌਰ ਤੇ ਜੋੜੀ ਤੋਂ ਹਰਨਾਮ ਸਿੰਘ ਤੇ ਨੰਦ ਸਿੰਘ ਨੇ ਕੀਰਤਨ ਕੀਤਾ।

ਉਪਰੰਤ ਆਸਾ ਦੀ ਵਾਰ ਦੀ ਅਰਦਾਸ ਹੋਈ ਬਾਅਦ ਵਿਚ ਸਤਿਗੁਰੂ ਜੀ ਨੇ ਉਪਦੇਸ਼ ਦੇਣ ਦੀ ਕਿਰਪਾ ਕੀਤੀ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸਤਿੰਦਰਪਾਲ ਸਿੰਘ ਜੀ ਨੇ ਨਵੇਂ ਸੇਵਾਦਾਰਾਂ ਦੇ ਨਾਮ ਘੋਸ਼ਿਤ ਕੀਤੇ- ਸਰਬਸੁਖ ਪਾਲ ਸਿੰਘ, ਡਾ. ਪਰਮਜੀਤ ਸਿੰਘ, ਜੈ ਪਾਲ ਸਿੰਘ, ਕਾਕਾ ਅੰਮ੍ਰਿਤਪਾਲ ਸਿੰਘ, ਨਿੰਦਰ ਸਿੰਘ, ਹਰਜਿੰਦਰ ਸਿੰਘ, ਜਗਦੇਵ ਸਿੰਘ ਤੇ ਗੁਰਮੀਤ ਸਿੰਘ। ਉਪਰੰਤ ਸਾਧ ਸੰਗਤ ਨੂੰ ਪ੍ਰਸ਼ਾਦ ਵਰਤਾਇਆ ਗਿਆ। ਸਤਿਗੁਰੂ ਜੀ ਨੇ ਥੋੜੀ ਦੇਰ ਆਰਾਮ ਕੀਤਾ ਤੇ ਬਾਅਦ ਵਿਚ ਰਾਜੂ ਸੋਧੀ ਦੇ ਘਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਪ੍ਰਸ਼ਾਦਾ ਵੀ ਉਥੇ ਹੀ ਛਕਿਆ। ਉਪਰੰਤ ਸਤਿਗੁਰੂ ਜੀ ਨੇ ਰਾਜਪਾਲ ਸਿੰਘ, ਬੀਬੀ ਦਰਸ਼ਨਾ ਦੇ ਪੁੱਤਰ ਹਰਮੀਤ ਬਿਟੂ, ਬੀਰ ਸਿੰਘ ਦੇ ਨਵੇਂ ਬਣੇ ਸ਼ੋਰੂਮ, ਸੰਤ ਜਗਦੇਵ ਸਿੰਘ ਤੇ ਰਛਪਾਲ ਸਿੰਘ ਦੇ ਚੜਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਸ੍ਰੀ ਸਤਿਗੁਰੂ ਜੀ ਮੰਡੀ ਦੀ ਸੰਗਤ ਨੂੰ ਦਰਸ਼ਨ ਦੇਣ ਤੋਂ ਬਾਅਦ ਕਰੀਬ 9 ਵਜੇ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾ ਦਿੱਤੇ।

**ਸੂਬਾ ਸਾਧਾ ਸਿੰਘ**

........................................................

## ਸ. ਸੁਖਦੇਵ ਸਿੰਘ ਜੀ ਅਕਾਲ ਚਲਾਣਾ ਕਰ ਗਏ

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥

ਆਪ ਜੀ ਦਾ ਜਨਮ ਪਿਤਾ ਸ. ਧਰਮ ਸਿੰਘ ਰੈਣੂ ਅਤੇ ਮਾਤਾ ਅਜੀਤ ਕੌਰ ਦੇ ਘਰ 1952 ਈ. ਨੂੰ ਹੋਇਆ। ਆਪ ਜੀ ਦਾ ਵਿਆਹ ਬੀਬੀ ਅਮਰਜੀਤ ਕੌਰ ਸਪੁਰਤੀ ਸੰਤ ਹਰਨਾਮ ਸਿੰਘ ਢੋਲਕੀਏ ਜੀ ਦੇ ਨਾਲ ਹੋਇਆ। ਆਪ ਜੀ ਦੇ ਤਿੰਨ ਸਪੁੱਤਰ ਦਵਿੰਦਰ ਸਿੰਘ, ਦਲੇਰ ਸਿੰਘ, ਅਵਨਿੰਦਰ ਸਿੰਘ ਹਨ। ਇਲਾਕਾ ਸ੍ਰੀ ਜੀਵਨ ਨਗਰ, ਰਾਣੀਆਂ ਦੇ ਕਿਰਤੀ ਸਿੱਖ ਸ. ਸੁਖਦੇਵ ਸਿੰਘ ਜੀ ਦਾ ਜੀਵਨ ਉਪਰੋਕਤ ਲਿਖੀ ਪੰਕਤੀ ਤੇ ਸਾਰਥਕ ਢੁੱਕਦਾ ਹੁੰਦਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਦੀ ਪੂਰਨ ਪਰਤੀਤ ਅਤੇ ਨਿਸ਼ਕਾਮ





ਸੇਵਾ ਚੜਦੀ ਉਮਰ ਤੋਂ ਆਰੰਭ ਹੋ ਅਖੀਰ ਤਕ ਨਿਭੀ। ਜਿਸ ਤਰ੍ਹਾਂ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਕਈ ਉਪਦੇਸ਼ਾਂ ਵਿੱਚ ਜਹਾਜ ਦਾ ਪ੍ਰਮਾਣ ਦਿੰਦੇ ਸਨ ਕਿ ਜਹਾਜ ਦਾ ਆਲ੍ਹਾ ਆਪਣੇ ਟਾਰਗੇਟ ਵੱਲ ਸਿੱਧਾ ਹੋਣਾ ਚਾਹੀਦਾ ਹੈ ਫੇਰ ਉਹ ਠੀਕ ਨਿਸ਼ਾਨੇ ਤੇ ਪਹੁੰਚ ਜਾਂਦਾ ਹੈ। ਸ. ਸੁਖਦੇਵ ਸਿੰਘ ਜੀ ਦਾ ਮੁੱਖ ਸਦਾ ਸਤਿਗੁਰੂ ਜੀ ਵੱਲ ਸਿਦਾ ਰਿਹਾ। ਸਤਿਗੁਰੂ ਉਦੇ ਸਿੰਘ ਜੀ ਦੇ ਗੁਰ ਗੱਦੀ ਤੇ ਸੁਭਾਏ ਮਾਨ ਹੋਣ ਉਪਰੰਤ ਵੀ ਉਹਨਾਂ ਦੀ ਭਾਵਨਾ ਸਟੀਕ ਸਤਿਗੁਰੂ ਜੀ ਦੇ ਚਰਨਾਂ ਚ ਰਹੀ।

ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ 'ਚ ਵੀ ਅਤੇ ਸਤਿਗੁਰੂ ਉਦੇ ਸਿੰਘ ਜੀ ਦੇ ਸਮੇਂ ਵਿੱਚ ਵੀ ਸੁਖਦੇਵ ਸਿੰਘ ਜੀ ਆਪਣੇ ਉਹਨਾਂ ਨਜ਼ਦੀਕੀਆਂ ਅਤੇ ਰਿਸ਼ਤੇਦਾਰਾਂ ਤਕ ਨੂੰ ਮਿਲਣਾ ਵੀ ਪਸੰਦ ਨਹੀਂ ਕਰਦੇ ਸਨ ਜਿਹੜੇ ਵਕਤ ਦੇ ਮਾਲਕ ਦੇ ਖਿਲਾਫ ਕਿਸੇ ਧਿਰ ਨਾਲ ਜੁੜਦੇ ਸਨ। ਉਹਨਾਂ ਦੀ ਪ੍ਰਤੀਤ ਇਸ ਤਰਾ ਦੀ ਸੀ ਉਹ ਗੁਰੂ ਕਿਰਪਾ ਤੋਂ ਇਲਾਵਾ ਕਿਸੇ ਪ੍ਰਕਾਰ ਦੇ ਕਰਮ ਕਾਂਡ, ਵਹਿਮ ਭਰਮ ਤੇ ਵਿਸ਼ਵਾਸ ਨਹੀਂ ਕਰਦੇ ਸਨ ਭਾਵ ਉਹਨਾਂ ਦਾ ਆਲ੍ਹਾ ਸਦਾ ਗੁਰੂ ਵੱਲ ਹੀ ਸਿਦਾ ਰਿਹਾ। ਸ. ਸੁਖਦੇਵ ਸਿੰਘ ਜੀ ਨੇ ਰਾਣੀਆਂ ਸੰਗਤ ਅਤੇ ਰਾਣੀਆਂ ਗੁਰਦੁਆਰੇ ਪ੍ਰਧਾਨ ਦੀ, ਵਿਦਿਅਕ ਜਥੇ ਦੀ ਸੇਵਾ ਕੀਤੀ ਸ੍ਰੀ ਭੈਣੀ ਸਾਹਿਬ ਤੋਂ ਉਗਰਾਹੀ ਕਰਨ ਵਾਲੇ ਸੇਵਾਦਾਰਾਂ ਅਤੇ ਹੋਰ ਪਤਵੰਤਿਆਂ ਦੀ ਸੇਵਾ ਟਹਿਲ ਠਾਹ ਠੌਰ ਸੁਖਦੇਵ ਸਿੰਘ ਜੀ ਦੇ ਘਰ ਹੁੰਦੀ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਜੀਵਨ ਨਗਰ ਕਾਲਜ ਵਿੱਚ ਹੋਏ ਮੇਲਿਆ ਵਿੱਚ ਉਹ ਆਪਣੇ ਜੱਥੇ ਨਾਲ ਲੰਗਰ ਵਰਤਾਉਣ ਦੀ ਸੇਵਾ ਡਟ ਕੇ ਨਿਭਾਉਂਦੇ , ਇਸ ਤੋਂ ਇਲਾਵਾ ਸ੍ਰੀ ਭੈਣੀ ਸਾਹਿਬ ਹੋਲੇ ਅਤੇ ਅਸੂ ਦੇ ਮੇਲੇ ਸਮੇਂ ਬਿਸਤਰਿਆਂ ਦੀ ਅਤੇ ਸਫਾਂ ਦੀ ਸੇਵਾ ਨਿਭਾਉਂਦਿਆਂ ਇਨੇ ਮਗਨ ਹੋ ਜਾਂਦੇ ਕਿ ਕਈ ਵਾਰ ਤਾਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਤੋਂ ਵੀ ਵਾਂਝੇ ਰਹਿ ਜਾਂਦੇ ਇਹ ਸੇਵਾ ਬਹੁਤ

ਸਾਲ ਨਿਰੰਤਰ ਚਲਦੀ ਰਹੀ। ਸੁਖਦੇਵ ਸਿੰਘ ਜੀ ਬਾਰੇ ਗਲ ਮਸ਼ਹੂਰ ਸੀ ਕਿ ਸਤਿਗੁਰੂ ਜੀ ਇਲਾਕੇ ਚ ਕਿਤੇ ਵੀ ਆਸਾ ਦੀ ਵਾਰ ਜਾਂ ਨਿੱਤਨੇਮ ਚ ਦਰਸ਼ਨ ਦੇਣ, ਧੁੰਧ ਝੱਖੜ ਮੀਂਹ ਵਾਲੇ ਹਲਾਤਾਂ 'ਚ ਵੀ ਉਹ ਦਰਸ਼ਨ ਕਰਨ ਆਪਣੇ ਜੋੜੀਦਾਰ ਸਤਨਾਮ ਸਿੰਘ ਸਤੁ ਨਾਲ ਜਰੂਰ ਪਹੁੰਚਦੇ, ਜੇ ਕਿਧਰੇ ਕਲਿਆਂ ਚਲੇ ਜਾਣਾ ਤਾਂ ਸਤਿਗੁਰੂ ਜੀ ਇਸ਼ਾਰਾ ਕਰ ਪੁੱਛਣਾ ਦੂਜਾ ਕਿੱਥੇ ਹੈ ? ਮੇਲਿਆ 'ਚ ਲੰਗਰ ਲਈ ਆਪਣੇ ਆਰੇ ਤੋਂ ਬਾਲਣ ਭੇਜਣਾ ਹੋਰ ਅਨੇਕ ਪ੍ਰਕਾਰ ਦੀਆਂ ਸੇਵਾਵਾਂ ਕਰਨੀਆਂ, ਸਤਿਗੁਰੂ ਜਗਜੀਤ ਸਿੰਘ ਜੀ ਦਾ ਅਥਾਹ ਪਿਆਰ ਮਿਲਣਾ ਪਰ ਸੁਖਦੇਵ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਦੀ ਪੰਕਤੀ ਖ਼ੌਫ਼ ਰਖਣਾ ਗੁਰੂ ਦਾ ਹਰ ਦਮ ਨੂੰ ਮਨ ਵਿੱਚ ਵਸਾ ਕੇ ਰਖਣਾ ਉਹਨਾਂ ਸਤਿਗੁਰੂ ਜੀ ਨੂੰ ਕਦੀ ਆਪ ਕੋਈ ਅਰਜ਼ ਨਾ ਕਰਨੀ, ਜੇਕਰ ਕਿਸੇ ਆਖਣਾ ਕਿ ਤੁਸੀ ਸਤਿਗੁਰੂ ਜੀ ਨੂੰ ਅਰਜ਼ ਕਰ ਲਵੋ ਤਾਂ ਆਖਣਾ ਨਹੀਂ ਮੇਰੇ ਤੋ ਅਰਜ਼ ਨਹੀਂ ਹੁੰਦੀ ਮੈਨੂੰ ਭੈ ਆਉਂਦਾ ਹੈ। ਕਦੇ ਮੇਲੇ ਦੇ ਭੋਗ ਤੋਂ ਬਾਅਦ ਸਤਿਗੁਰੂ ਜੀ ਦੀ ਕੋਠੀ ਜਾ ਕੇ ਨਾ ਆਗਿਆ ਲੈਣੀ ਨਾ ਕੋਈ ਫੋਟੋ ਖਿਚਵਾਨੀ, ਜਿਸ ਤਰ੍ਹਾਂ ਕੇ ਅਕਸਰ ਸੇਵਾਦਾਰ ਜੱਥੇ ਕਰਦੇ ਹਨ, ਉਹ ਤਾਂ ਮੱਥਾ ਟੇਕ ਪਿਛਲੀ ਕਤਾਰ ਚ ਬਹਿ ਕੇ ਦੂਰੋ ਦਰਸ਼ਨ ਕਰਨ 'ਚ ਸੁਭਾਗ ਸਮਝਦੇ ਰਹੇ।

ਰਾਣੀਆਂ ਗੁਰਦੁਆਰੇ ਦੀ ਨਵੀਂ ਬਣਤਰ ਖੂਹ ਦੀ ਉਸਾਰੀ ਅਤੇ ਹੋਰ ਸੇਵਾਵਾਂ ਵਿੱਚ ਉਹਨਾਂ ਦੀ ਅਗੁਵਾਈ ਅਤੇ ਪਹਿਲਕਦਮੀ ਉਹਨਾਂ ਦੇ ਜੋਟੀਦਾਰਾਂ ਲਈ ਪ੍ਰੇਰਨਾ ਬਣਦੀ ਅਤੇ ਔਖੇ ਕੰਮ ਵੀ ਸਰਲ ਹੋ ਜਾਂਦੇ। ਵਿਦਿਅਕ ਜਥੇ ਦੀਆ ਅਤੇ ਦਰਬਾਰ ਦੀਆਂ ਮੀਟਿੰਗਾਂ 'ਚ ਸ਼ਾਮਲ ਹੋਣਾ ਪਰ ਕਦੇ ਮਾਇਕ ਤੇ ਆ ਕੇ ਕੋਈ ਸੁਝਾਵ ਨਾ ਦੇਣਾ, ਕੇਂਦਰੀ ਪ੍ਰਬੰਧਕਾਂ ਨੇ ਕੁਝ ਆਖਣ ਲਈ ਕਹਿਣਾ ਤਾਂ ਸੁਖਦੇਵ ਸਿੰਘ ਜੀ ਨੇ ਆਖਣਾ 'ਬੱਸ ਤੁਸੀ ਹੁਕਮ ਕਰੋ ਕਿ ਆਦੇਸ਼ ਹੈ? ਉਹ ਕੰਮ ਹੋ ਜਾਵੇਗਾ'। ਸੰਗਤ ਅਤੇ ਗੁਰੂ ਦੇ ਕੰਮ ਲਈ ਕਦੀ ਢਿੱਲ ਨਹੀਂ ਵਰਤੀ, ਸਾਰਾ ਜੀਵਨ ਸੇਵਾ ਨੂੰ ਸਮਰਪਿਤ ਰਿਹਾ।

ਜਿੰਦਗੀ ਦੇ ਅਖੀਰਲੇ ਦਿਨ ਮਿਤੀ 7 ਮਈ 2025 ਨੂੰ ਸਤਿਗੁਰੂ ਉਦੇ ਸਿੰਘ ਨੇ ਘਰ ਜਾ ਦਰਸ਼ਨ ਦਿੱਤੇ ਬਿਮਾਰੀ ਕਰਕੇ ਕਸਟ ਬਹੁਤ ਸੀ ਪਰ ਸਤਿਗੁਰੂ ਜੀ ਤੋਂ ਬਖਸ਼ਿਸ਼ ਹੀ ਮੰਗੀ ਅਤੇ ਦਰਸ਼ਨ ਕਰ ਤ੍ਰਿਪਤ ਅਵਸਥਾ ਵਿਚ ਰਾਤ ਨੂੰ ਸਵਾਸ ਤਿਆਗ ਗਏ। ਸ. ਸੁਖਦੇਵ ਸਿੰਘ ਜੀ ਦੇ ਮਗਰ ਭਰਿਆ ਪੂਰਾ ਪਰਵਾਰ ਉਹਨਾਂ ਦੇ ਇਸੇ ਆਚਰਨ ਸਦਕਾ ਸਤਿਗੁਰੂ ਜੀ ਦਾ ਸ਼ਰਦਾ ਵਾਨ ਹੈ ਅਤੇ ਸਤਿਗੁਰੂ ਜੀ ਦੇ ਭਾਣੇ ਨੂੰ ਸਵੀਕਾਰਦਿਆਂ ਪਰਵਾਰ ਨੇ ਉਹਨਾਂ ਨਮਿਤ ਆਪ ਸਹਿਜ ਪਾਠ ਕਰ ਕੇ ਮਿਤੀ 13 ਮਈ 2025 ਨੂੰ ਰਾਣੀਆਂ ਗੁਰਦੁਆਰੇ ਵਿਖੇ ਭੋਗ ਪਵਾਇਆ। ਇਸ ਮੌਕੇ ਕਵੀਸ਼ਰ ਜੋਗਾ ਸਿੰਘ, ਜਥੇਦਾਰ ਜਸਵਿੰਦਰ ਸਿੰਘ ਭਿੰਡਰ ਅਤੇ ਰਾਗੀ ਮਨਜੀਤ ਸਿੰਘ ਜੀ ਦੁਆਰਾ ਦੀਵਾਨ ਸਜਾਏ ਗਏ। ਸ. ਨਿਰਮਲ ਸਿੰਘ ਬਸਰਾ ਅਤੇ ਬੂਟਾ ਸਿੰਘ ਜੀ ਨੇ ਆਪਣੇ ਪ੍ਰਧਾਨ ਸੁਖਦੇਵ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕੀਤੀ। ਮੰਚ ਸੰਚਾਲਨ ਗੁਰਮੀਤ ਸਿੰਘ ਚਾਨਾ ਨੇ ਕੀਤਾ।

**ਹਰਪਾਲ ਸਿੰਘ ਸੋਧੀ**

## ਜ਼ਿਲ੍ਹਾ ਮਾਨਸਾ ਦੇ ਪਿੰਡ ਲੱਲੂਆਣਾ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਪੰਜਾਬ ਦੇ ਜ਼ਿਲ੍ਹਾ ਮਾਨਸਾ ਦੇ ਪਿੰਡ ਲੱਲੂਆਣਾ ਵਿਖੇ ਵਸਦੇ ਸ. ਜਗੀਰ ਸਿੰਘ ਦੇ ਸਪੁੱਤਰ ਸ. ਭੁਪਿੰਦਰ ਸਿੰਘ, ਰਜਿੰਦਰ ਸਿੰਘ, ਦਰਸ਼ਨ ਸਿੰਘ, ਮੇਜਰ ਸਿੰਘ ਅਤੇ ਦਲੀਪ ਸਿੰਘ ਦੇ ਸਤਿਕਾਰਯੋਗ ਮਾਤਾ ਮਿਹਰ ਕੌਰ ਦੇ ਚੜ੍ਹਾਈ ਕਰਨ ਉਪਰੰਤ ਸਮੁੱਚੇ ਪਰਿਵਾਰ ਵੱਲੋਂ ਸ੍ਰੀ ਸਤਿਗੁਰੂ ਦੇ ਸਿੰਘ ਜੀ ਦੇ ਚਰਨਾਂ ਵਿੱਚ ਅਰਜ ਬੇਨਤੀ ਕੀਤੀ ਗਈ ਕਿ ਉਹਨਾਂ ਦੀ ਮਾਤਾ ਮਿਹਰ ਕੌਰ ਨਮਿਤ ਭੋਗ ਸ੍ਰੀ ਸਤਿਗੁਰੂ ਜੀ ਦੀ ਹਜੂਰੀ ਵਿੱਚ ਪਾਇਆ ਜਾਵੇ ਤਾਂ ਸ੍ਰੀ ਸਤਿਗੁਰੂ ਜੀ ਵੱਲੋਂ ਪ੍ਰਵਾਨਗੀ ਮਿਲਣ ਉਪਰੰਤ ਪਰਿਵਾਰ ਨੇ ਮਾਤਾ ਨਮਿਤ ਮੇਲਾ **4 ਫਰਵਰੀ 2025 ਦਿਨ ਮੰਗਲਵਾਰ** ਨੂੰ ਪਿੰਡ ਲਲੂਆਣਾ ਵਿਖੇ ਕੀਤਾ ਗਿਆ। ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਬਲਵੰਤ ਸਿੰਘ ਦੇ ਜਥੇ ਵੱਲੋਂ ਗੁਰਬਾਣੀ ਦਾ ਕੀਰਤਨ ਕੀਤਾ ਗਿਆ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਉਪਰੰਤ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਪਰਿਵਾਰ ਵੱਲੋਂ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ ਤੇ ਉਚੇਚਾ ਧੰਨਵਾਦ ਕੀਤਾ ਗਿਆ।

ਭੋਗ ਸਮਾਗਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ ਤਾਂ ਰਸਤੇ ਵਿੱਚ ਵਾਪਸੀ ਸਮੇਂ ਜ਼ਿਲ੍ਹਾ ਮਾਨਸਾ ਦੇ ਹੀ ਪਿੰਡ ਅਕਲੀਆ ਵਿਖੇ ਸ੍ਰੀ ਸਤਿਗੁਰੂ ਜੀ ਨੇ ਸ. ਜਗਰੂਪ ਸਿੰਘ ਪੁੱਤਰ ਸ. ਕਰਮ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ ਸ਼ਾਮ ਹਨੇਰ ਹੋਣ ਤੱਕ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬਾਨ ਦਰਸ਼ਨ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

# ਅਸਟ੍ਰੇਲੀਆ ਦੌਰਾ ਅਪ੍ਰੈਲ 2025



ਸ੍ਰੀ ਸਤਿਗੁਰੂ ਜੀ ਨਾਲ ਲੁਧਿਆਣੇ ਦੇ ਨੌਜਵਾਨਾਂ ਨੇ
ਯਾਦਗਾਰੀ ਫੋਟੋ ਕਰਵਾਈ।



Date of Publication: 21 May 2025
Date of Posting: 23 May 2025

RNI NO.55658/93
LDM/008/2021-2023

ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ
ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਜੀ ਸੰਧਵਾਂ
ਤੇ ਨਾਲ ਤਸਵੀਰ ਚ ਨਜ਼ਰ ਆ ਰਹੇ ਹਨ ਸੁੰਦਰ ਸਿੰਘ ਹੰਸਪਾਲ

12.05.2025



Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.